ਕੈਨੇਡੀਅਨ
# ਪੰਜਾਬੀ ਪੋਸਟ
*Award winning news paper* | Canadian Punjabi Post

To view our online newspaper visit **punjabipost.ca/epaper** | **Vol 21* Issue 162** | **Thursday, August 18, 2022** | **Tel: 905-793-2202 | Fax: 905-793-2282 | news@punjabipost.ca** | *ਤੁਸੀਂ 'ਪੰਜਾਬੀ ਪੋਸਟ' **Online** ਰੋਜ਼ਾਨਾ ਪੜ੍ਹ ਸਕਦੇ ਹੋ*

Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

## ਦੱਖਣੀ ਓਨਟਾਰੀਓ ਦੇ ਕਈ ਹਿੱਸਿਆਂ ਵਿੱਚ ਭਾਰੀ ਮੀਂਹ ਦੀ ਚੇਤਾਵਨੀ ਕੀਤੀ ਗਈ ਰੱਦ



ਓਨਟਾਰੀਓ, 17 ਅਗਸਤ (ਪੋਸਟ ਬਿਊਰੋ) : ਮੰਗਲਵਾਰ ਰਾਤ ਨੂੰ ਓਨਟਾਰੀਓ ਦੇ ਕਈ ਹਿੱਸਿਆਂ ਵਿੱਚ ਗਰਜ ਚਮਕ ਨਾਲ ਭਾਰੀ ਮੀਂਹ ਪੈਣ ਦੀ ਜਿਹੜੀ ਪੇਸ਼ੀਨਿਗੋਈ ਕੀਤੀ ਗਈ ਸੀ ਉਸ ਨੂੰ ਰੱਦ ਕਰ ਦਿੱਤਾ ਗਿਆ ਹੈ।ਐਨਵਾਇਰਮੈਂਟ ਕੈਨੇਡਾ ਵੱਲੋਂ ਯੌਰਕ-ਦਰਹਾਮ ਵਿੱਚ ਸ਼ਾਮੀਂ 5:50 ਉੱਤੇ ਭਾਰੀ ਮੀਂਹ ਪੈਣ ਦੀ ਪੇਸ਼ੀਨਿਗੋਈ ਕੀਤੀ ਗਈ ਸੀ। ਇਹ ਭਾਰੀ ਤੂਫਾਨ ਤੇ ਮੀਂਹ ਦੀ ਚੇਤਾਵਨੀ ਯੌਰਕ-ਦਰਹਾਮ ਇਲਾਕੇ ਲਈ ਜਾਰੀ ਕੀਤੀ ਗਈ ਤੇ ਫਿਰ ਕੁੱਝ ਦੇਰ ਮਗਰੋਂ ਵੈਦਰ ਏਜੰਸੀ ਨੇ ਆਖਿਆ ਕਿ ਇਹ ਭਾਰੀ ਮੀਂਹ ਜੈਨੇਟਵਿੱਲ ਵਿੱਚ ਵੀ ਪਵੇਗਾ। ਸ਼ਾਮੀਂ 6:20 ਉੱਤੇ ਪੀਟਰਬਰੋ ਤੇ ਕਵਾਰਥਾ ਲੇਕਜ਼ ਲਈ ਵੀ ਇਹ ਚੇਤਾਵਨੀ ਜਾਰੀ ਕੀਤੀ ਗਈ।

ਮੌਸਮ ਏਜੰਸੀ ਨੇ ਇਹ ਵੀ ਆਖਿਆ ਕਿ ਇਸ ਕਾਰਨ ਪ੍ਰੋਵਿੰਸ ਦੇ ਕਈ ਹਿੱਸਿਆਂ ਵਿੱਚ ਅਚਾਨਕ ਪਾਣੀ ਭਰ ਸਕਦਾ ਹੈ ਤੇ ਹੜ੍ਹ ਵਰਗੀ ਸਥਿਤੀ ਵੀ ਪੈਦਾ ਹੋ ਸਕਦੀ ਹੈ।

## 10 ਡਾਲਰ ਰੋਜ਼ਾਨਾ ਵਾਲੇ ਚਾਈਲਡ ਕੇਅਰ ਪ੍ਰੋਗਰਾਮ ਦੀ ਡੈਡਲਾਈਨ ਵਿਚ ਦੋ ਮਹੀਨੇ ਦਾ ਕੀਤਾ ਗਿਆ ਵਾਧਾ



ਓਨਟਾਰੀਓ, 17 ਅਗਸਤ (ਪੋਸਟ ਬਿਊਰੋ) : 10 ਡਾਲਰ ਰੋਜ਼ਾਨਾ ਵਾਲੇ ਪ੍ਰੋਗਰਾਮ ਵਿੱਚ ਚਾਈਲਡ ਕੇਅਰ ਆਪਰੇਟਰਜ਼ ਨੂੰ ਸ਼ਾਮਲ ਕਰਨ ਲਈ ਓਨਟਾਰੀਓ ਸਰਕਾਰ ਵੱਲੋਂ ਡੈੱਡਲਾਈਨ ਵਿੱਚ ਦੋ ਮਹੀਨੇ ਦਾ ਵਾਧਾ ਕੀਤਾ ਜਾ ਰਿਹਾ ਹੈ।

ਇਸ ਤੋਂ ਪਹਿਲਾਂ ਡੇਅਕੇਅਰ ਆਪਰੇਟਰਜ਼ ਕੋਲ ਇਸ ਪ੍ਰੋਗਰਾਮ ਵਿੱਚ ਸ਼ਾਮਲ ਹੋਣ ਲਈ ਪਹਿਲੀ ਸਤੰਬਰ ਤੱਕ ਦਾ ਸਮਾਂ ਸੀ।ਹੁਣ ਇਹ ਡੈੱਡਲਾਈਨ ਵਧਾ ਕੇ ਪਹਿਲੀ ਨਵੰਬਰ ਕਰ ਦਿੱਤੀ ਗਈ ਹੈ। ਬੁੱਧਵਾਰ ਨੂੰ ਸਿੱਖਿਆ ਮੰਤਰੀ ਸਟੀਫਨ ਲਿਚੇ ਨੇ ਆਖਿਆ ਕਿ ਇਸ ਸਿਸਟਮ ਨੂੰ ਸਹੀ ਢੰਗ ਨਾਲ ਚਲਾਉਣ ਲਈ ਹੀ ਵਾਧੂ ਸਮਾਂ ਦਿੱਤਾ ਜਾ ਰਿਹਾ ਹੈ। ਸਰਕਾਰ ਚਾਹੁੰਦੀ ਹੈ ਕਿ ਵੱਧ ਤੋਂ ਵੱਧ ਡੇਅਕੇਅਰ ਆਪਰੇਟਰਜ਼ ਇਸ ਪ੍ਰੋਗਰਾਮ ਨਾਲ ਜੁੜ ਸਕਣ।

ਇਸ ਨਾਲ ਕਾਰਵਾਈ ਕਰਨ ਲਈ ਜਿੱਥੇ ਵਧੇਰੇ ਸਮਾਂ ਮਿਲ ਸਕੇਗਾ ਉੱਥੇ ਹੀ ਲਾਲ ਫੀਤਾਸ਼ਾਹੀ ਨੂੰ ਘਟਾਇਆ ਜਾਵੇਗਾ ਤੇ 2023 ਲਈ ਹੋਰ ਫੰਡ ਮੁਹੱਈਆ ਕਰਵਾਉਣ ਦੀ ਕਵਾਇਦ ਨੂੰ ਅਮਲ ਵਿੱਚ ਲਿਆਂਦਾ ਜਾ ਸਕੇਗਾ। ਇਸ ਨਾਲ ਵੱਧ ਤੋਂ ਵੱਧ ਆਪਰੇਟਰਜ਼ ਇਸ ਪ੍ਰੋਗਰਾਮ ਵਿੱਚ ਹਿੱਸਾ ਲੈ ਸਕਣਗੇ।ਇਸ ਬਾਰੇ ਕੁਈਨਜ ਪਾਰਕ ਤੋਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸਿੱਖਿਆ ਮੰਤਰੀ ਸਟੀਫਨ ਲਿਚੇ ਨੇ ਹੋਰ ਵੇਰਵੇ ਤਾਂ ਮੁਹੱਈਆ ਨਹੀਂ ਕਰਵਾਏ ਪਰ ਮਿਊਂਸਪੈਲਿਟੀਜ਼ ਨੂੰ ਭੇਜੇ ਪੱਤਰ ਵਿੱਚ ਇਹ ਆਖਿਆ ਗਿਆ ਹੈ ਕਿ ਇਸ ਨਾਲ ਆਪਰੇਟਰਜ਼ ਨੂੰ ਫੈਸਲਾ ਲੈਣ ਵਿੱਚ ਵੱਧ ਸਮਾਂ ਮਿਲੇਗਾ ਤੇ ਮਾਪਿਆਂ ਵੱਲੋਂ ਬਚਤ ਯਕੀਨੀ ਬਣਾਈ ਜਾ ਸਕੇਗੀ।

## ਗੈਸ ਦੀਆਂ ਕੀਮਤਾਂ ਭਾਵੇਂ ਘਟੀਆਂ ਪਰ ਨਿੱਤ ਵਰਤੋਂ ਵਾਲੀਆਂ ਚੀਜ਼ਾਂ ਦੀਆਂ ਕੀਮਤਾਂ ਵਿੱਚ ਕੋਈ ਫਰਕ ਨਹੀਂ ਪਿਆ



ਓਟਵਾ, 17 ਅਗਸਤ (ਪੋਸਟ ਬਿਊਰੋ) : ਤੇਲ ਦੀਆਂ ਕੀਮਤਾਂ ਘਟਣ ਕਾਰਨ ਜੇ ਕੈਨੇਡੀਅਨਜ਼ ਨੂੰ ਇਸ ਗੱਲ ਦੀ ਖੁਸ਼ੀ ਹੋ ਰਹੀ ਹੈ ਕਿ ਹੁਣ ਉਨ੍ਹਾਂ ਦੀਆਂ ਗੈਸ ਦੀਆਂ ਟੈਂਕੀਆਂ ਭਰੀਆਂ ਜਾਣਗੀਆਂ ਤਾਂ ਉਨ੍ਹਾਂ ਨੂੰ ਕਿਸੇ ਤਰ੍ਹਾਂ ਦੀ ਗਲਤਫਹਿਮੀ ਵਿੱਚ ਨਹੀਂ ਰਹਿਣਾ ਚਾਹੀਦਾ।

ਮੰਗਲਵਾਰ ਨੂੰ ਆਪਣਾ ਟਰੱਕ ਭਰਵਾਉਣ ਵਾਲੇ ਕੈਮਰੂਨ ਬੈੱਨ ਨੇ ਦੱਸਿਆ ਕਿ ਉਸ ਨੂੰ 1.66 ਡਾਲਰ ਪ੍ਰਤੀ ਲੀਟਰ ਦੇ ਹਿਸਾਬ ਨਾਲ ਗੈਸ ਭਰਵਾਉਣੀ ਪਈ ਤੇ ਇਹ ਕਿਸੇ ਵੀ ਪਾਸਿਓਂ ਸਸਤੀ ਨਹੀਂ ਹੈ।ਹਾਂ ਐਨਾ ਜ਼ਰੂਰ ਹੋਇਆ ਹੈ ਕਿ ਕੁੱਝ ਮਹੀਨੇ ਪਹਿਲਾਂ ਜਿੱਥੇ ਕੀਮਤਾਂ 2 ਡਾਲਰ ਪ੍ਰਤੀ ਲੀਟਰ ਤੱਕ ਪਹੁੰਚ ਗਈਆਂ ਸਨ ਉੱਥੇ ਹੀ ਹੁਣ ਇਹ 1.66 ਡਾਲਰ ਪ੍ਰਤੀ ਲੀਟਰ ਤੱਕ ਹਨ।

ਪਰ ਇਸ ਦੇ ਬਾਵਜੂਦ ਇੱਕ ਸਾਲ ਪਹਿਲਾਂ ਨਾਲੋਂ ਇਹ ਮਹਿੰਗੀਆਂ ਹਨ।ਸਟੈਟੇਸਟਿਕਸ ਕੈਨੇਡਾ ਵੱਲੋਂ ਜਾਰੀ ਕੀਤੀ ਗਈ ਰਿਪੋਰਟ ਵਿੱਚ ਆਖਿਆ ਗਿਆ ਕਿ ਜੁਲਾਈ ਵਿੱਚ ਗੈਸ ਦੀਆਂ ਕੀਮਤਾਂ ਘਟੀਆਂ ਤੇ ਇਸ ਨਾਲ ਮਹਿੰਗਾਈ ਦਰ ਵੀ 8.1 ਫੀ ਸਦੀ ਦੀ ਥਾਂ 7.6 ਫੀ ਸਦੀ ਉੱਤੇ ਆ ਗਈ। ਪਰ ਜੋ ਕੋਈ ਵੀ ਟਰਾਂਜ਼ਿਟ, ਬਾਈਕਸ, ਇਲੈਕਟ੍ਰਿਕ ਕਾਰ ਜਾਂ ਪੈਦਲ ਸਫਰ ਕਰਦਾ ਹੈ ਉਸ ਲਈ ਤਾਂ ਮਹਿੰਗਾਈ ਵਿੱਚ ਕੋਈ ਕਮੀ ਨਹੀਂ ਆਈ। ਇਸ ਤੋਂ ਇਲਾਵਾ ਜਿਨ੍ਹਾਂ ਦੀ ਆਮਦਨ ਫਿਕਸ ਹੈ ਉਨ੍ਹਾਂ ਨੂੰ ਵੀ ਮਹਿੰਗਾਈ ਤੋਂ ਕਿਸੇ ਕਿਸਮ ਦੀ ਰਾਹਤ ਨਹੀਂ ਮਿਲੀ। ਉਨ੍ਹਾਂ ਲਈ ਤਾਂ ਇਸ ਸਾਲ ਹਾਲਾਤ ਹੋਰ ਵੀ ਬਦਤਰ ਹੋ ਗਏ।

ਪਰ ਕਈ ਖਪਤਕਾਰਾਂ ਦਾ ਕਹਿਣਾ ਹੈ ਕਿ ਮਹਿੰਗਾਈ ਉਸ ਨਾਲੋਂ ਕਿਤੇ ਜ਼ਿਆਦਾ ਹੈ ਜਿੰਨੀ ਸਟੈਟੇਸਟਿਕਸ ਕੈਨੇਡਾ ਵੱਲੋਂ ਦੱਸੀ ਜਾ ਰਹੀ ਹੈ। ਰੋਜ਼ਮਰਾ ਦੀਆਂ ਚੀਜ਼ਾਂ ਹੱਦ ਨਾਲੋਂ ਵੱਧ ਮਹਿੰਗੀਆਂ ਹੋ ਗਈਆਂ ਹਨ। ਕਈ ਅਰਥਸ਼ਾਸਤਰੀਆਂ ਦਾ ਕਹਿਣਾ ਹੈ ਕਿ ਬੈਂਕ ਆਫ ਕੈਨੇਡਾ ਨੂੰ ਵਿਆਜ਼ ਦਰਾਂ ਵਿੱਚ ਵਾਧਾ ਜਾਰੀ ਰੱਖਣਾ ਚਾਹੀਦਾ ਹੈ।

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat
Aaxel InsuranceBrokers Ltd. | 1332 Khalsa Dr, Unit # 11, Mississauga, ON L5S 0A2

SUPER VISA INSURANCE EXPERTS
7003 Steeles Ave. W, Unit 10, Etobicoke, ON, M9W 0A2
gill@punjabinsurance.ca | topinsuranceservices.ca
Punjab Insurance Inc
Disability Insurance
Mortgage Insurance
Life Insurance
Visitor & Travel Insurance
RESP(Education Plan)
Critical Illness Insurance
RANJIT GILL Insurance Advisor
416-724-5000

GURBIR CHAHAL
Sales Representative
416.566.7605
gurbir.chahal@yahoo.com
ROYAL LEPAGE Flower City Realty Off: 905.230.3100

Pure Vegetarian
MUFFIN'S INDIAN SWEETS & RESTAURANT
CALL (905)794-3007
NOW OPEN AT EMBASSY GRAND PLAZA
#6-8770 THE GORE RD, BRAMPTON, ON L6P 0B1
SPECIAL OFFER
FREE CHOLE BHATURE WHEN YOU SPEND OVER $20
TIFFEN SERVICES ARE ALSO AVAILABLE

NOW HIRING !!!
ALLKIND INSURANCE
- Life Insurance
- Critical illness Ins
- Travel & Visitor Ins
- RESP & TFSA & RRSP
- Super Visa Insurance
- Mortgage Insurance
- Disability Insurance
- Funeral Insurance
SIMRAN SAINI 416.994.7272
www.allkindinsurance.com




HELPING YOU PLAN TODAY...FOR TOMORROW
- Supervisa / Visitor Insurance
- Life /Mortgage/Funeral Insurance
- Disability Insurance
- Critical Illness Insurance
- RESP /RRSP
www.ufsinsurance.com
JATINDERBIR S BAJWA Insurance Broker
Dir: 647-928-4990
# 25-831 Bovaird Dr. W. Brampton, ON L6X0T9 | www.ufsinsurance.com

INSURANCE
- Home
- Auto
- Business
- Trucking
- Life Insurance
- Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licensed Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill Certified & Licensed Exterminator

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available
1888 864 3131
Jasbir Singh Hundal Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6 Brampton, ON, L6P 3W4
Aman Sharma
Open Saturday
Providing excellent quality legal services to our clients

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
AvonFinancial Inc. Advice you can bank on.
Brokerage Lic. 12538
Harpreet Singh Goraya
Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

MANN LAW FIRM
- Real Estate Law
- Business Law
- Wills & Estates
- Family Law
- Power of Attorney
- Civil Litigation
- Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

KELLEY LAW OFFICE
- Immigration
- Real Estate
- Family Law
- Business Closing
- Corporate
- Wills & Estate
- Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley Barrister, Solicitor & Notary Public
905-362-0755

Royal Pest Control
Residential Commercial Industrial
Specialist in Bedbugs Service
All Pest Control :
- Mouse & Rats
- Spiders & Fleas
- Bedbugs
- Wasps
- Cockroaches
- Carpenter Ants
- Silver Fish
- Racoons
Call : PARESH PATEL (Government Approved Licensed Technician)
416 938 4598

ਨਵਾਂ ਘਾਹ ਲਵਾਉ | 647-784-1213
www.aaalandscaping.ca
1. ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2. ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3. ਨਵਾਂ ਘਾਹ ਲਵਾਉ
4. ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

ਵਰਕਰਾਂ ਦੀ ਲੋੜ
ਘਾਹ ਕੱਟਣ ਲਈ ਅਤੇ ਕੰਸਟ੍ਰਕਸ਼ਨ ਦੇ ਫੁੱਲ ਟਾਈਮ ਕੰਮ ਲਈ ਜਨਰਲ ਲੇਬਰ ਦੀ ਲੋੜ ਹੈ। ਕੰਮ ਉਤੇ ਲੈ ਕੇ ਆਉਣ ਅਤੇ ਲਿਜਾਣ ਦੀ ਸੁਵਿਧਾ। ਬਿਨੈਕਾਰ ਸਰੀਰਕ ਤੌਰ ਉਤੇ ਫਿਟ ਅਤੇ 50 ਐਲ.ਬੀ.ਐਸ. ਵਜ਼ਨ ਚੁੱਕਣ ਦੇ ਯੋਗ ਹੋਣਾ ਚਾਹੀਦਾ ਹੈ।
ਸੰਪਰਕ ਅਮਿਤ: 647-784-1213




# ਓਨਟਾਰੀਓ ਦੇ ਡਾਕਟਰ ਖਿਲਾਫ ਲਾਏ ਗਏ ਕਤਲ ਦੇ 3 ਨਵੇਂ ਚਾਰਜਿਜ਼



ਓਨਟਾਰੀਓ, 17 ਅਗਸਤ (ਪੋਸਟ ਬਿਊਰੋ) : ਪੂਰਬੀ ਓਨਟਾਰੀਓ ਦੇ ਡਾਕਟਰ, ਜਿਸ ਨੂੰ ਇੱਕ ਮਰੀਜ਼ ਦੇ ਕਤਲ ਲਈ ਫਰਸਟ ਡਿਗਰੀ ਮਰਡਰ ਦੇ ਸਬੰਧ ਵਿੱਚ ਚਾਰਜ ਕੀਤਾ ਗਿਆ ਸੀ, ਖਿਲਾਫ ਤਿੰਨ ਹੋਰ ਕਤਲ ਦੇ ਚਾਰਜਿਜ਼ ਲਾਏ ਗਏ ਹਨ। ਇਹ ਐਲਾਨ ਓਨਟਾਰੀਓ ਪ੍ਰੋਵਿੰਸ਼ੀਅਲ ਪੁਲਿਸ ਵੱਲੋਂ ਕੀਤਾ ਗਿਆ।

35 ਸਾਲਾ ਡਾਕਟਰ ਬ੍ਰਾਇਨ ਨੈਡਲਰ ਨੂੰ 25 ਮਾਰਚ ਨੂੰ ਪੌਇਟ ਕਲੇਅਰ, ਕਿਊਬਿਕ ਦੇ 89 ਸਾਲਾ ਐਲਬਰਟ ਪੌਇਨਡਿੰਗਰ ਦਾ ਕਤਲ ਕਰਨ ਦੇ ਸਬੰਧ ਵਿੱਚ 2021 ਵਿੱਚ ਚਾਰਜ ਕੀਤਾ ਗਿਆ ਸੀ। ਉਸ ਸਮੇਂ ਨੈਡਲਰ ਹਾਅਕਸਬਰੀ ਤੇ ਡਿਸਟ੍ਰਿਕਟ ਜਨਰਲ ਹਸਪਤਾਲ ਵਿੱਚ ਕੰਮ ਕਰਦਾ ਸੀ। ਪੁਲਿਸ ਨੇ ਦੱਸਿਆ ਕਿ ਉਹ ਹਸਪਤਾਲ ਵਿੱਚ ਹੋਈਆਂ ਕਈ ਸ਼ੱਕੀ ਮੌਤਾਂ ਦੀ ਜਾਂਚ ਪੜਤਾਲ ਕਰ ਰਹੇ ਸਨ। ਪਰ ਉਨ੍ਹਾਂ ਵੱਲੋਂ ਕਦੇ ਇਹ ਖੁਲਾਸਾ ਨਹੀਂ ਕੀਤਾ ਗਿਆ ਕਿ ਇਹ ਜਾਂਚ ਕਿੰਨੀਆਂ ਮੌਤਾਂ ਲਈ ਕੀਤੀ ਜਾ ਰਹੀ ਸੀ। ਉਨ੍ਹਾਂ ਇਹ ਵੀ ਸੰਕੇਤ ਦਿੱਤਾ ਕਿ ਜਾਂਚ ਲੰਮੀਂ ਚੱਲ ਸਕਦੀ ਹੈ।

ਚਾਰਜ ਕੀਤੇ ਜਾਣ ਤੋਂ ਬਾਅਦ ਨੈਡਲਰ ਦਾ ਮੈਡੀਕਲ ਲਾਇਸੰਸ ਸਸਪੈਂਡ ਕਰ ਦਿੱਤਾ ਗਿਆ। ਕਈ ਸ਼ਰਤਾਂ ਨਾਲ ਉਸ ਨੂੰ ਜੁਲਾਈ 2021 ਵਿੱਚ ਜ਼ਮਾਨਤ ਉੱਤੇ ਰਿਹਾਅ ਕੀਤਾ ਗਿਆ। ਉਸ ਉੱਤੇ ਪ੍ਰੈਕਟਿਸ ਕਰਨ ਉੱਤੇ ਵੀ ਰੋਕ ਲਾਈ ਗਈ ਸੀ। ਇੱਕ ਨਿਊਜ਼ ਰਲੀਜ਼ ਵਿੱਚ ਓਪੀਪੀ ਨੇ ਆਖਿਆ ਕਿ ਨੈਡਲਰ ਨੂੰ ਤਿੰਨ ਹੋਰ ਫਰਸਟ ਡਿਗਰੀ ਕਤਲਾਂ ਦੇ ਸਬੰਧ ਵਿੱਚ ਗ੍ਰਿਫਤਾਰ ਤੇ ਚਾਰਜ ਕੀਤਾ ਗਿਆ ਹੈ।

ਪੁਲਿਸ ਨੇ ਦੱਸਿਆ ਕਿ ਇਹ ਚਾਰਜਿਜ਼ ਰਿਗਾਡ, ਕਿਊਬਿਕ ਦੀ 80 ਸਾਲਾ ਕਲੇਅਰ ਬ੍ਰੇਰੀ, ਹਾਅਕਸਬਰੀ, ਓਨਟਾਰੀਓ ਦੀ 79 ਸਾਲਾ ਲੋਰੇਨ ਲਲਾਂਡੇ ਤੇ ਈਸਟ ਹਾਅਕਸਬਰੀ ਟਾਊਨਸ਼ਿਪ, ਓਨਟਾਰੀਓ ਦੀ 93 ਸਾਲਾ ਜੁਡਿੱਥ ਲੰਗੁਲੈਸਕੂ ਦੀ ਮੌਤ ਦੇ ਸਬੰਧ ਵਿੱਚ ਲਾਏ ਗਏ ਹਨ।

# ਫੈਡਰਲ ਸਰਕਾਰ ਨੇ ਐਲਾਨੀਆਂ ਚਾਰ ਨਵੀਆਂ ਪਾਸਪੋਰਟ ਸਰਵਿਸ ਸਾਈਟਸ



ਓਟਵਾ, 17 ਅਗਸਤ (ਪੋਸਟ ਬਿਊਰੋ) : ਪਾਸਪੋਰਟ ਸਬੰਧੀ ਅਰਜ਼ੀਆਂ ਦੇ ਵੱਡੇ ਬੈਕਲਾਗ ਨੂੰ ਕਲੀਅਰ ਕਰਨ ਲਈ ਫੈਡਰਲ ਸਰਕਾਰ ਵੱਲੋਂ ਕੈਨੇਡਾ ਭਰ ਵਿੱਚ ਚਾਰ ਨਵੀਆਂ ਪਾਸਪੋਰਟ ਸਰਵਿਸ ਲੋਕੇਸ਼ਨਾਂ ਸ਼ੁਰੂ ਕੀਤੀਆਂ ਜਾ ਰਹੀਆਂ ਹਨ।

ਸੋਸ਼ਲ ਡਿਵੈਲਪਮੈਂਟ ਮੰਤਰੀ ਕਰੀਨਾ ਗੋਲਡ ਨੇ ਬੁੱਧਵਾਰ ਨੂੰ ਐਲਾਨ ਕੀਤਾ ਕਿ ਹੁਣ ਲੋਕ ਆਪਣੇ ਪਾਸਪੋਰਟ ਲਈ ਅਪਲਾਈ ਕਰਨ ਵਾਸਤੇ ਤੇ ਪਾਸਪੋਰਟ ਲੈਣ ਵਾਸਤੇ ਸਰਵਿਸ ਕੈਨੇਡਾ ਦੀਆਂ ਚਾਰ ਨਵੀਆਂ ਲੋਕੇਸ਼ਨਾਂ ਦੀ ਵਰਤੋਂ ਕਰ ਸਕਣਗੇ। ਇਨ੍ਹਾਂ ਲੋਕੇਸ਼ਨਾਂ ਵਿੱਚ ਰੈੱਡ ਡੀਅਰ, ਅਲਬਰਟਾ, ਸੂ ਸੇਂਟ ਮਰੀ, ਓਨਟਾਰੀਓ, ਟਰੋਇਸ ਰਿਵਿਏਰਜ਼, ਕਿਊਬਿਕ ਅਤੇ ਸ਼ਾਰਲੈਟਟਾਊਨ, ਪ੍ਰਿੰਸ ਐਡਵਰਡ ਆਈਲੈਂਡ ਸ਼ਾਮਲ ਹਨ।


ਇਸ ਤੋਂ ਪਹਿਲਾਂ ਜੁਲਾਈ ਵਿੱਚ ਵੀ ਪੰਜ ਨਵੀਆਂ ਲੋਕੇਸ਼ਨਾਂ ਸ਼ਾਮਲ ਕੀਤੀਆਂ ਗਈਆਂ ਸਨ ਤੇ ਗੋਲਡ ਨੇ ਆਖਿਆ ਕਿ ਜਲਦ ਹੀ ਉਨ੍ਹਾਂ ਵੱਲੋਂ ਸੱਤ ਤੋਂ ਨੌਂ ਹੋਰ ਲੋਕੇਸ਼ਨਾਂ ਇਸ ਪ੍ਰੋਗਰਾਮ ਨਾਲ ਜੋੜੀਆਂ ਜਾਣਗੀਆਂ। ਉਨ੍ਹਾਂ ਆਖਿਆ ਕਿ ਇਹ ਵੱਡੀ ਤੇ ਅਹਿਮ ਤਬਦੀਲੀ ਹੈ। ਉਨ੍ਹਾਂ ਆਖਿਆ ਕਿ ਸਾਡੇ ਵਰਗੇ ਅਰਬਨ ਏਰੀਆ ਵਿੱਚ ਰਹਿਣ ਵਾਲਿਆਂ ਨੂੰ ਇਹ ਅਹਿਸਾਸ ਹੀ ਨਹੀਂ ਹੁੰਦਾ ਕਿ ਅਸੀਂ ਕਿੰਨੇ ਖੁਸ਼ਕਿਸਮਤ ਹਾਂ ਕਿ ਅਸੀਂ ਪਾਸ-ਪੋਰਟ ਆਫਿਸ ਦੇ ਐਨਾ ਨੇੜੇ ਰਹਿੰਦੇ ਹਾਂ। ਉਨ੍ਹਾਂ ਆਖਿਆ ਕਿ ਸਰਕਾਰ ਦੇ ਇਨ੍ਹਾਂ ਉਪਰਾਲਿਆਂ ਨਾਲ ਬੈਕਲਾਗ ਜਲਦ ਘਟਣ ਦੀ ਉਮੀਦ ਹੈ।

# ਘਪਲਾ ਪਰਾਲੀ ਸੰਭਾਲ ਮਸ਼ੀਨਾਂ ਦਾ: 150 ਕਰੋੜ ਦੇ ਘਪਲੇ ਦੀ ਜਾਂਚ ਖੇਤੀਬਾੜੀ ਮੰਤਰੀ ਵੱਲੋਂ ਵਿਜੀਲੈਂਸ ਦੇ ਹਵਾਲੇ



ਚੰਡੀਗੜ੍ਹ, 17 ਅਗਸਤ, (ਪੋਸਟ ਬਿਊਰੋ)- ਪੰਜਾਬ ਵਿੱਚ ਪਿਛਲੀਆਂ ਸਰਕਾਰਾਂ ਵੇਲੇ ਲੋਕਾਂ ਦੇ ਪੈਸੇ ਦੀ ਲੁੱਟ ਕਰ ਚੁੱਕੇ ਸਰਕਾਰੀ ਅਧਿਕਾਰੀਆਂ ਅਤੇ ਰਾਜਸੀ ਆਗੂਆਂ ਵਿਰੁੱਧ ਕਾਰਵਾਈ ਦੀ ਮੁਹਿੰਮ ਹੇਠ ਖੇਤੀਬਾੜੀ ਵਿਭਾਗ ਵੱਲੋਂ ਫਸਲਾਂ ਦੀ ਰਹਿੰਦ-ਖੂੰਹਦ ਦੀ ਸੰਭਾਲ ਲਈ ਕਿਸਾਨਾਂ ਨੂੰ ਦਿੱਤੀਆਂ ਮਸ਼ੀਨਾਂ ਦੀ ਵੰਡ ਵਿੱਚ ਮੁੱਢਲੇ ਤੌਰ ਉੱਤੇ 150 ਕਰੋੜ ਰੁਪਏ ਦਾ ਘਪਲਾ ਹੋਣ ਦੀ ਸੰਭਾਵਨਾ ਜਤਾਈ ਗਈ ਸੀ। ਖੇਤੀਬਾੜੀ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਇਸ ਕੇਸ ਦੀ ਗੰਭੀਰਤਾ ਕਾਰਨ ਇਸ ਦੀ ਜਾਂਚ ਵਿਜੀਲੈਂਸ ਤੋਂ ਕਰਵਾਉਣ ਲਈ ਹਰੀ ਝੰਡੀ ਦੇ ਦਿੱਤੀ ਅਤੇ ਇਸ ਕੇਸ ਵਾਲੀ ਫਾਈਲ ਮੁੱਖ ਮੰਤਰੀ ਭਗਵੰਤ ਮਾਨ ਨੂੰ ਭੇਜ ਦਿੱਤੀ ਸੀ, ਜਿੱਥੋਂ ਇਹ ਵਿਜੀਲੈਂਸ ਬਿਊਰੋ ਨੂੰ ਭੇਜ ਦਿੱਤੀ ਗਈ ਹੈ।

ਖੇਤੀ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਮੁਤਾਬਕ ਪੰਜਾਬ ਸਰਕਾਰ ਨੇ ਸਾਲ 2018-19 ਤੋਂ 2021-22 ਤੱਕ ਕੇਂਦਰ ਦੀ ਸਕੀਮ ਪ੍ਰਮੋਸ਼ਨ ਆਫ ਐਗਰੀਕਲਚਰ ਮੈਕਨਾਈਜੇਸ਼ਨ ਫਾਰ ਇਨਸਿਟ ਮੈਨੇਜਮੈਂਟ ਆਫ ਕਰਾਪ ਰੈਜ਼ੀਡਿਊ (ਸੀਆਰਐਮ) ਚਲਾਈ ਸੀ, ਜਿਸ ਹੇਠ ਕਿਸਾਨਾਂ/ਰਜਿਸਟਰਡ ਕਿਸਾਨ ਗਰੁੱਪਾਂ/ਕੋਆਪਰੇਟਿਵਸੋਸਾਈਟੀਜ਼/ਐੱਫ ਪੀਓਜ਼ ਅਤੇ ਪੰਚਾਇਤਾਂ ਨੂੰ ਪਰਾਲੀ ਸਾਂਭਣ ਵਾਲੀਆਂ 90422 ਮਸ਼ੀਨਾਂ ਮਿਲੀਆਂ ਹਨ। ਇਨ੍ਹਾਂ ਵਿੱਚੋਂ 83986 ਮਸ਼ੀਨਾਂ ਖੇਤੀਬਾੜੀ ਵਿਭਾਗ ਰਾਹੀਂ ਤੇ ਬਾਕੀ ਰਜਿਸਟਰਾਰ ਕੋਆਪਰੇਟਿਵ ਸੋਸਾਈਟੀਜ਼ ਰਾਹੀਂ ਦਿੱਤੀਆਂ ਸਨ।ਮੰਤਰੀ ਧਾਲੀਵਾਲ ਨੇ ਦੱਸਿਆ ਕਿ ਸਕੀਮ ਬਾਰੇ ਕਈ ਥਾਵਾਂ ਤੋਂ ਰਿਪੋਰਟ ਮਿਲੀ ਕਿ ਸਕੀਮ ਸਬਸਿਡੀ ਉੱਤੇਮਿਲੇ ਸੰਦ ਫੀਲਡ ਵਿੱਚ ਨਹੀਂ ਹਨ ਤਾਂ ਇਸ ਦੀ ਸਾਲ 2018-19 ਤੋਂ 2021-22 ਤੱਕ ਦੀ ਫਿਜ਼ੀਕਲ ਵੈਰੀਫਿਕੇਸ਼ਨ ਕਰਾਈ ਸੀ। ਉਨ੍ਹਾ ਦੱਸਿਆ ਕਿ 16 ਅਗਸਤ ਤੱਕਵਿਭਾਗ ਨੇ 83986 ਮਸ਼ੀਨਾਂ ਵਿੱਚੋਂ 79295 ਮਸ਼ੀਨਾਂ (ਕੁੱਲ ਮਸ਼ੀਨਾਂ ਦਾ 94.4 ਫੀਸਦੀ)ਬਾਰੇਇਹ ਵੈਰੀਫਿਕੇਸ਼ਨ ਕਰਵਾ ਲਈ ਹੈ ਤੇ ਪਤਾ ਲੱਗਾ ਹੈ ਕਿ ਇਨ੍ਹਾਂ ਵਿੱਚੋਂ 11275 ਮਸ਼ੀਨਾਂ (13 ਫੀਸਦੀ) ਮਸ਼ੀਨਾਂ ਲੋਕਾਂ ਕੋਲ ਨਹੀਂ। ਉਨ੍ਹਾਂ ਦੱਸਿਆ ਕਿ ਮੁੱਢਲੀ ਜਾਂਚ ਵਿੱਚ ਇਹ ਘਪਲਾ 125-150 ਕਰੋੜ ਰੁਪਏ ਦਾ ਜਾਪਦਾ ਹੈ, ਜਿਸ ਦੀ ਬਾਰੀਕੀ ਨਾਲ ਜਾਂਚ ਅਤੇ ਦੋਸ਼ੀਆਂ ਦੇ ਖਿਲਾਫ ਕਾਰਵਾਈ ਕਰਨ ਲਈ ਵਿਜੀਲੈਂਸ ਵਿਭਾਗ ਨੂੰ ਲਿਖਿਆ ਗਿਆ ਹੈ।



# ਨਵੇਂ ਭਾਜਪਾ ਸੰਸਦੀ ਬੋਰਡ ਦਾ ਐਲਾਨ: ਇਕਬਾਲ ਸਿੰਘ ਲਾਲਪੁਰਾ, ਸੁਧਾ ਯਾਦਵ ਤੇ ਹੋਰ ਆਗੂਆਂ ਨੂੰ ਐਂਟਰੀ, ਸ਼ਿਵਰਾਜ ਤੇ ਗਡਕਰੀ ਬਾਹਰ

## * ਸੰਤ ਭਿੰਡਰਾਂਵਾਲੇ ਨੂੰ ਫੜਨ ਵਾਲੇ ਪੁਲਸ ਅਫਸਰ ਹਨ ਇਕਬਾਲ ਸਿੰਘ




ਨਵੀਂ ਦਿੱਲੀ, 17 ਅਗਸਤ, (ਪੋਸਟ ਬਿਊਰੋ)- ਭਾਰਤੀ ਜਨਤਾ ਪਾਰਟੀ ਨੇ ਨਵਾਂ ਪਾਰਲੀਮੈਂਟਰੀ ਬਣਾ ਲਿਆ ਹੈ, ਜਿਸ ਵਿੱਚ ਕੁਝ ਨਵੇਂ ਚਿਹਰੇ ਪਾਏ ਗਏ ਤੇ ਕੁਝ ਆਗੂਕੱਢ ਦਿੱਤੇ ਹਨ। ਮੱਧ ਪ੍ਰਦੇਸ਼ ਦੇ ਮੁੱਖ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਤੇ ਕੇਂਦਰੀ ਮੰਤਰੀ ਨਿਤਿਨ ਗਡਕਰੀ ਨੂੰ ਪਾਰਲੀਮੈਂਟਰੀ ਬੋਰਡ ਵਿੱਚੋਂਕੱਢ ਦਿੱਤਾ ਹੈ। ਨਿਤਿਨ ਗਡਕਰੀ ਦੋ ਵਾਰੀ ਭਾਜਪਾ ਦੇ ਪ੍ਰਧਾਨ ਰਹਿ ਚੁੱਕੇ ਹਨ ਅਤੇ ਭਾਜਪਾ ਦੇ ਸਿਖਰਲੇ ਆਗੂਆਂ ਵਿੱਚ ਗਿਣੇ ਜਾਂਦੇ ਰਹੇ ਹਨ।

ਇਸ ਨਵੇਂ ਭਾਜਪਾ ਪਾਰਲੀਮੈਂਟਰੀ ਬੋਰਡ ਦੇ ਚੇਅਰਮੈਨ ਭਾਜਪਾ ਦੇ ਪ੍ਰਧਾਨ ਜਗਤ ਪ੍ਰਸਾਦ ਨੱਡਾ ਹੋਣਗੇ। ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਗ੍ਰਹਿ ਮੰਤਰੀ ਅਮਿਤ ਸ਼ਾਹ ਤੇ ਰੱਖਿਆ ਮੰਤਰੀ ਰਾਜਨਾਥ ਸਿੰਘ ਇਸ ਬੋਰਡ ਵਿੱਚ ਸ਼ਾਮਲ ਹਨ। ਨਵੇਂ ਪਾਰਲੀਮੈਂਟਰੀ ਬੋਰਡ ਵਿੱਚ ਕਰਨਾਟਕਾ ਦੇ ਸਾਬਕਾ ਮੁੱਖ ਮੰਤਰੀ ਬੀਐਸ ਯੇਦੀਯੁਰੱਪਾ, ਆਸਾਮ ਦੇ ਸਾਬਕਾ ਮੁੱਖ ਮੰਤਰੀ ਸਰਬਾਨੰਦ ਸੋਨੋਵਾਲ, ਕੇ. ਲਕਸ਼ਮਣ, ਇਕਬਾਲ ਸਿੰਘ ਲਾਲਪੁਰਾ, ਸੁਧਾ ਯਾਦਵ, ਸਤਿਆਨਾਰਾਇਣ ਜਾਟੀਆ ਵੀ ਮੈਂਬਰ ਅਤੇ ਬੀਐਲ ਸੰਤੋਸ਼ ਮੈਂਬਰ ਸੈਕਟਰੀ ਬਣਾਏ ਹਨ।ਭਾਜਪਾ ਨੇ ਕੇਂਦਰੀ ਚੋਣ ਕਮੇਟੀ ਵੀ ਬਣਾਈ ਹੈ, ਜਿਸਵਿੱਚ ਮਹਾਰਾਸ਼ਟਰ ਦੇ ਉਪ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਵੀ ਰੱਖੇ ਹਨ। ਜੇਪੀ ਨੱਡਾ ਇਸ ਦੇ ਚੇਅਰਮੈਨ ਹੋਣਗੇ। ਪ੍ਰਮੁੱਖ ਮੁਸਲਮਾਨ ਚਿਹਰੇ ਸ਼ਾਹਨਵਾਜ਼ ਹੁਸੈਨ ਨੂੰ ਇਸ ਵਾਰੀ ਕਿਸੇ ਬੋਰਡ ਵਿੱਚ ਨਹੀਂ ਰੱਖਿਆ ਗਿਆ।

ਭਾਰਤੀ ਜਨਤਾ ਪਾਰਟੀ ਦੇ ਨਵੇਂ 11 ਮੈਂਬਰੀ ਪਾਰਲੀਮੈਂਟਰੀ ਬੋਰਡ ਵਿੱਚਪੰਜਾਬ ਤੋਂ ਸਾਬਕਾ ਪੁਲਸ ਅਧਿਕਾਰੀ ਇਕਬਾਲ ਸਿੰਘ ਲਾਲਪੁਰਾ ਨੂੰ ਲਿਆ ਗਿਆ ਹੈ। ਇਕਬਾਲ ਸਿੰਘ ਲਾਲਪੁਰਾ ਉਨ੍ਹਾਂ ਤਿੰਨ ਸਾਬਕਾ ਪੁਲਸ ਅਫਸਰਾਂ ਵਿੱਚੋਂ ਹਨ, ਜਿਨ੍ਹਾਂ ਨੇਸਾਲ 1981 ਵਿੱਚ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੀ ਗ੍ਰਿਫਤਾਰੀ ਦੀ ਜ਼ਿੰਮੇਵਾਰੀ ਨਿਭਾਈ ਸੀ।ਕਿਹਾ ਜਾਂਦਾ ਹੈ ਕਿ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਨੇ ਆਪਣੀ ਗ੍ਰਿਫ਼ਤਾਰੀ ਦੀ ਸ਼ਰਤ ਰੱਖੀ ਸੀ ਕਿ ਸਿਰਫ਼ ਸਿੱਖੀ ਦਾ ਪਾਲਣ ਕਰਨ ਵਾਲਾ (ਅੰਮ੍ਰਿਤਧਾਰੀ) ਪੁਲਿਸ ਅਫ਼ਸਰ ਹੀ ਉਨ੍ਹਾਂ ਨੂੰ ਗ੍ਰਿਫ਼ਤਾਰ ਕਰੇਗਾ। ਇਸ ਕਾਰਨ ਉਨ੍ਹਾਂ ਨੂੰ ਗ੍ਰਿਫਤਾਰ ਕਰਨ ਵਾਲੀ ਟੀਮ ਵਿੱਚ ਐਸਐਸਪੀ ਜਰਨੈਲ ਸਿੰਘ ਚਾਹਲਅਤੇ ਹੋਰਨਾਂ ਨਾਲ ਇਕਬਾਲ ਸਿੰਘਨੂੰ ਰੱਖਿਆ ਗਿਆ ਸੀ।ਫਿਰਇਕਬਾਲ ਸਿੰਘ ਲਾਲਪੁਰਾ ਦੀ ਪੁਲਿਸ ਅਫਸਰ ਵਜੋਂ ਖਾੜਕੂ ਨੌਜਵਾਨਾਂ ਨੂੰ ਮੁੱਖ ਧਾਰਾ ਵਿੱਚ ਜੋੜਨ ਵਿੱਚ ਵੱਡੀ ਭੂਮਿਕਾ ਸੀ।ਉਹ ਅੰਮ੍ਰਿਤਸਰ, ਕਪੂਰਥਲਾ ਅਤੇ ਤਰਨਤਾਰਨ ਜ਼ਿਲ੍ਹਿਆਂ ਵਿੱਚਪੁਲਸ ਮੁਖੀ (ਐਸਐਸਪੀ) ਰਹਿ ਚੁੱਕੇ ਹਨ।

ਪੁਲਿਸ ਤੋਂ ਸੇਵਾਮੁਕਤੀ ਪਿੱਛੋਂ ਇਕਬਾਲ ਸਿੰਘ ਲਾਲਪੁਰਾ 2012 ਵਿੱਚ ਭਾਜਪਾ ਵਿੱਚ ਸ਼ਾਮਲ ਹੋਏ ਤਾਂ ਭਾਜਪਾ ਨੇ ਉਨ੍ਹਾਂ ਨੂੰ ਰਾਸ਼ਟਰੀ ਬੁਲਾਰਾ ਬਣਾਇਆ ਅਤੇ 2021 ਵਿੱਚਘੱਟ ਗਿਣਤੀਆਂ ਦੇ ਕੌਮੀ ਕਮਿਸ਼ਨ ਦੇ ਚੇਅਰਮੈਨ ਬਣਵਾ ਦਿੱਤਾ ਸੀ। ਜਨਵਰੀ 2022 ਵਿੱਚ ਉਨ੍ਹਾਂ ਨੇ ਇਸ ਅਹੁਦੇ ਤੋਂ ਅਸਤੀਫਾ ਦੇ ਕੇ ਪੰਜਾਬ ਵਿਧਾਨ ਸਭਾ ਦੀ ਚੋਣ ਲੜੀ, ਪਰ ਹਾਰਨ ਪਿੱਛੋਂ ਉਨ੍ਹਾ ਨੂੰ ਫਿਰਘੱਟ ਗਿਣਤੀਆਂ ਦੇ ਕੌਮੀ ਕਮਿਸ਼ਨ ਦੇ ਮੁਖੀ ਬਣਾਇਆ ਗਿਆ। ਇਕਬਾਲ ਸਿੰਘ ਲਾਲਪੁਰਾ ਲੇਖਕ ਵੀ ਹਨ ਅਤੇ ਪੰਜਾਬੀ ਭਾਸ਼ਾ ਵਿੱਚ ਸਿੱਖ ਤੇ ਪੰਜਾਬੀ ਸੱਭਿਅਤਾ ਬਾਰੇ 14 ਕਿਤਾਬਾਂ ਲਿਖ ਚੁੱਕੇ ਹਨ।

## ਅੱਜ ਨਾਮਾ >>

ਬਣਾਏ ਕੁਝ ਮੰਤਰੀ ਕੱਲ੍ਹ ਬਿਹਾਰ ਦੇ ਵਿੱਚ,
ਆ ਗਿਆ ਉਨ੍ਹਾਂ ਦਾ ਸਾਰਾ ਕਿਰਦਾਰ ਬੇਲੀ।
ਧੋਖਾਧੜੀ ਕੀਤੀ, ਕਿਸੇ ਕੋਈ ਕਤਲ ਕੀਤਾ,
ਤਕੜੀ ਮਾਰੀ ਪਈਕਿਸੇ ਕੋਈਮਾਰ ਬੇਲੀ।
ਵਿਧਾਇਕ ਏਦਾਂ ਦੇ ਮਿੱਤਰ ਨਿਤੀਸ਼ ਦੇ ਵੀ,
ਵੱਡੀ ਕੁਝਲਾਲੂ ਦੇ ਪੁੱਤਰ ਦੀ ਡਾਰ ਬੇਲੀ।
ਤੀਸਰੀ ਪਾਰਟੀ ਦਾ ਲਿਆਇੱਕ ਮੰਤਰੀ ਤਾਂ,
ਉਹ ਵੀ ਆਇਆ ਹੈ ਤਾਰਨ ਬਿਹਾਰ ਬੇਲੀ।
ਜਿਹੜੇ ਵੀ ਆਗੂ ਨੂੰ ਓਧਰਆ ਮਿਲੀ ਗੱਦੀ,
ਦਾਅਵੇ ਕਰਦਾ ਤਾਂ ਲਾਵੇ ਪਿਆ ਸਿਰੇ ਬੇਲੀ।
ਪੌਣੀ ਸਦੀ ਆ ਗੁਜ਼ਰ ਗਈ ਇਸ ਤਰ੍ਹਾਂ ਹੀ,
ਦਿਨ ਨਹੀਂ ਲੋਕਾਂ ਦੇ ਕਦੀ ਕੁਝ ਫਿਰੇ ਬੇਲੀ।

**ਤੀਸ ਮਾਰ ਖਾਂ**

# ਇਟਲੀ ਵਿੱਚ ਗੁਰਦੁਆਰਾ ਸਿੰਘ ਸਭਾ ਪੁਨਤੀਨੀਆ ਦੀ ਇਮਾਰਤ ਦੀ ਮਾਲਕੀ ਦਾ ਵਿਵਾਦ ਭਖਿਆ

ਰੋਮ, 17 ਅਗਸਤ, (ਪੋਸਟ ਬਿਊਰੋ)- ਗੁਰਦੁਆਰਾ ਸਾਹਿਬ ਸਿੰਘ ਸਭਾ ਪੁਨਤੀਨੀਆ (ਲਾਤੀਨਾ) ਦੀ ਮਾਲਕੀ ਦੇ ਬਾਰੇ ਚੱਲਦਾ ਵਿਵਾਦ ਦਿਨੋ-ਦਿਨ ਵਧਦਾ ਜਾਂਦਾ ਹੈ। ਇਸ ਨੂੰ ਸੁਲਝਾਉਣ ਲਈ ਪੁਨਤੀਨੀਆ ਦੀ ਸੰਗਤ ਨੇ ਇਟਲੀ ਦੀ ਸਿੱਖ ਜੱਥੇਬੰਦੀ ਯੂਨੀਅਨ ਸਿੱਖ ਇਟਲੀ ਕਮੇਟੀ ਨੂੰ ਗੁਹਾਰ ਲਾਈ ਕਿ ਉਹ ਇਸ ਦਾ ਕੋਈ ਹੱਲ ਕੱਢੇ।

ਕੱਲ੍ਹ ਇਸ ਬਾਰੇ ਇੱਕ ਕਮੇਟੀ ਯੂਨੀਅਨ ਸਿੱਖ ਇਟਲੀ ਦੇ ਪ੍ਰਧਾਨ ਸਤਵਿੰਦਰ ਸਿੰਘ ਬਾਜਵਾ ਦੀ ਅਗਵਾਈ ਵਿੱਚ ਜਦੋਂ ਗੁਰਦੁਆਰਾ ਸਾਹਿਬ ਪੁਨਤੀਨੀਆ ਗਈ ਤਾਂ ਪੁਲਸ ਨੇ ਗੁਰਦੁਆਰਾ ਸਾਹਿਬ ਦੇ ਮੁਖੀ ਦਲਜੀਤ ਸਿੰਘ ਵੱਲੋਂ ਸੁਨੇਹਾ ਦੇ ਦਿੱਤਾ ਕਿ ਉਹ ਗੁਰਦੁਆਰਾ ਸਾਹਿਬ ਨਹੀਂ ਜਾ ਸਕਦੇ। ਉਨ੍ਹਾਂਦੱਸਿਆ ਕਿ ਉਨ੍ਹਾਂ ਦੀ ਸੰਸਥਾ, ਜਿਸ ਦਾ ਪਹਿਲਾ ਨਾਮ ਨੈਸਨਲ ਧਰਮ ਪ੍ਰਚਾਰ ਕਮੇਟੀ ਸੀ, ਅੱਜਕੱਲ੍ਹ ਯੂਨੀਅਨ ਸਿੱਖ ਇਟਲੀ (ਰਜਿਸਟਰਡ) ਹੈ ਤੇ ਇਸ ਨੂੰ ਇਟਲੀ ਦੀਆਂ 50 ਤੋ ਵੱਧ ਗੁਰਦੁਆਰਾ ਕਮੇਟੀਆਂ ਦਾ ਸਮਰਥਨ ਹੈ। ਉਨ੍ਹਾਂ ਦੱਸਿਆ ਕਿ ਉਹ ਪੁਨਤੀਨੀਆ ਗੁਰਦ-ਆਰਾ ਸਾਹਿਬ ਗਏ ਤਾਂ ਇਟਲੀ ਦੇ ਇਤਿਹਾਸ ਵਿੱਚ ਪਹਿਲੀ ਵਾਰ ਹੈਕਿ ਕਿਸੇ ਸਿੱਖ ਜੱਥੇਬੰਦੀ ਨੂੰ ਗੁਰਦੁਆਰਾ ਸਾਹਿਬ ਦੇ ਹਾਲ ਵਿੱਚਮੀਟਿੰਗਤੋਂ ਰੋਕ ਦਿੱਤਾ ਗਿਆ। ਇਸ ਪਿੱਛੋਂ ਉਨ੍ਹਾਂ ਨੇ ਇੱਕ ਹੋਟਲ ਵਿੱਚ ਜਾਕੇ ਬੈਠਕ ਕੀਤੀ। ਸਤਵਿੰਦਰ ਸਿੰਘ ਬਾਜਵਾ ਨੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਅਪੀਲ ਕੀਤੀ ਹੈ ਕਿ ਉਹ ਇਸ ਪਾਸੇ ਧਿਆਨ ਦੇਣ।

ਦੂਸਰੇ ਪਾਸੇ ਦਲਜੀਤ ਸਿੰਘ ਸੋਢੀ ਨੇ ਕਿਹਾ ਕਿ ਉਹ ਕੰਮ ਕਾਰਨ ਗੁਰਦੁਆਰਾ ਸਾਹਿਬ ਵਿੱਚ ਨਹੀਂ ਸਨ ਅਤੇ ਉਨ੍ਹਾਂ ਦੀ ਗੈਰ-ਹਾਜ਼ਰੀ ਵਿੱਚ ਕੋਈ ਅਣਸੁਖਾਵੀਂ ਘਟਨਾ ਨਾ ਵਾਪਰੇ, ਜਿਸ ਨਾਲ ਗੁਰੂ ਸਾਹਿਬ ਦੀ ਬੇਅਦਬੀ ਹੋਵੇ, ਇਸ ਲਈ ਪ੍ਰਸ਼ਾਸ਼ਨ ਨੂੰ ਕਿਹਾ ਸੀ ਕਿ ਕਿਸੇ ਨੂੰ ਗੁਰਦੁਆਰਾ ਸਾਹਿਬ ਦੇ ਹਾਲ ਵਿੱਚ ਨਾ ਬੈਠਣ ਦੇਵੇ।ਗੁਰਦੁਆਰਾ ਸਾਹਿਬ ਦੀ ਮਾਲਕੀ ਬਾਰੇ ਉਨ੍ਹਾ ਕਿਹਾ ਕਿ ਗੁਰਦੁਆਰੇ ਦੀ ਨਵੀਂ ਇਮਾਰਤ ਵਾਸਤੇ ਉਸ ਨੇ 3 ਲੱਖ 20 ਹਜ਼ਾਰ ਦੀ ਗਾਰੰਟੀ ਨਿੱਜੀ ਤੌਰ ਉੱਤੇ ਦਿੱਤੀ ਹੋਣ ਕਾਰਨ ਜਾਇਦਾਦ ਉਸ ਦੇ ਨਾਂ ਹੈ, ਪਿੱਛੋਂ ਸੱਤ ਮੈਂਬਰੀ ਕਮੇਟੀ ਨੂੰ ਦੇ ਦੇਣਗੇ, ਜਿਸ ਵਿੱਚ ਉਹ ਵੀ ਹਨ। ਸਤਵਿੰਦਰ ਸਿੰਘ ਬਾਜਵਾ ਨੇ ਕਿਹਾ ਹੈ ਕਿ ਉਹ ਗੁਰਦੁਆਰਾ ਸਾਹਿਬ ਦੇ 3 ਲੱਖ 20 ਹਜ਼ਾਰ ਯੂਰੋ ਯੂਨੀਅਨ ਸਿੱਖ ਇਟਲੀ ਵੱਲੋਂ ਦੇਣ ਨੂੰ ਤਿਆਰ ਹਨ, ਦਲਜੀਤ ਸਿੰਘ ਸੰਗਤ ਦੀ ਜਾਇਦਾਦ ਗੁਰਦੁਆਰਾ ਸਾਹਿਬ ਦੇ ਨਾਮ ਕਰ ਦੇਵੇ।

# ਆਪ ਵਿਧਾਇਕ ਪਠਾਣਮਾਜਰਾ ਵਿਵਾਦਾਂ ਵਿੱਚ: ਦੂਸਰੀ ਪਤਨੀ ਨੇ ਤਲਾਕ ਬਿਨਾਂ ਵਿਆਹ ਅਤੇ ਕੁੱਟਮਾਰ ਦੇ ਦੋਸ਼ ਲਾਏ



ਚੰਡੀਗੜ੍ਹ, 17 ਅਗਸਤ, (ਪੋਸਟ ਬਿਊਰੋ)- ਪਟਿਆਲਾ ਜ਼ਿਲੇ ਵਿੱਚੋਂ ਹਲਕਾ ਸਨੌਰ ਤੋਂ ਜਿੱਤੇ ਆਮ ਆਦਮੀ ਪਾਰਟੀ ਦੇ ਵਿਧਾਇਕ ਹਰਮੀਤ ਸਿੰਘ ਪਠਾਣਮਾਜਰਾ ਵਿਵਾਦ ਵਿੱਚਆ ਗਏ ਹਨ। ਮੰਗਲਵਾਰ ਸ਼ਾਮ ਹਰਮੀਤ ਸਿੰਘ ਪਠਾਣਮਾਜਰਾ ਦੀ ਜ਼ੀਰਕਪੁਰ ਵਿੱਚ ਰਹਿੰਦੀ ਦੂਸਰੀ ਪਤਨੀ ਨੇ ਜ਼ੀਰਕਪੁਰ ਥਾਣੇ ਵਿੱਚਉਨ੍ਹਾਂ ਦੇ ਖ਼ਿਲਾਫ ਤਲਾਕ ਲਏ ਬਿਨਾਂ ਧੋਖੇ ਨਾਲ ਦੂਸਰਾ ਵਿਆਹ ਕਰਵਾਉਣ ਅਤੇ ਉਸ ਨਾਲ ਕੁੱਟਮਾਰ ਕਰਨ ਦੇ ਦੋਸ਼ ਲਾਏ ਹਨ।

ਵਿਧਾਇਕ ਹਰਮੀਤ ਸਿੰਘ ਪਠਾਣਮਾਜਰਾਦੀ ਦੂਸਰੀ ਪਤਨੀ ਗੁਰਪ੍ਰੀਤ ਕੌਰ ਨੇ ਦੱਸਿਆ ਹੈ ਕਿ ਪਿਛਲੇ ਸਾਲ 14 ਅਗਸਤ ਨੂੰ ਉਨ੍ਹਾਂ ਦਾ ਵਿਆਹ ਹੋਇਆ ਸੀ। ਇਸ ਦੌਰਾਨ ਸੋਸ਼ਲ ਮੀਡੀਆ ਉੱਤੇ ਅਸ਼ਲੀਲ ਵੀਡੀਓ ਵਾਇਰਲ ਹੋਈ ਹੈ, ਜਿਹੜੀ ਵਿਧਾਇਕ ਹਰਮੀਤ ਸਿੰਘ ਪਠਾਣਮਾਜਰਾ ਦੀ ਦੱਸ ਗਈ ਹੈ। ਪਠਾਣਮਾਜਰਾ ਮੁਤਾਬਕ ਵੀਡੀਓ ਉਨ੍ਹਾਂ ਦੀ ਦੂਸਰੀ ਪਤਨੀ ਨੇ ਬਣਾਈ ਤੇ ਵਾਇਰਲ ਕੀਤੀ ਹੈ। ਵਿਧਾਇਕਨੇ ਕਿਹਾ ਕਿ ਇਕ ਸਾਲ ਪਹਿਲਾਂ ਉਨ੍ਹਾਂ ਨੇ ਦੂਸਰਾ ਵਿਆਹ ਕੀਤਾਤਾਂ ਰਿਸ਼ਤਾ ਨਿਭਾਇਆ ਸੀ, ਪਰ ਉਨ੍ਹਾਂ ਨੂੰ ਨਹੀਂ ਪਤਾ ਕਿ ਦੂਸਰੀ ਪਤਨੀ ਕੀ ਸਾਜਿਸ਼ਾਂ ਖੇਡ ਰਹੀ ਹੈ। ਪਠਾਣਮਾਜਰਾ ਨੇ ਦੋਸ਼ ਲਾਇਆ ਕਿ ਉਨ੍ਹਾਂ ਉੱਤੇ ਬਦਲੀਆਂ ਕਰਾਉਣ ਅਤੇ ਰਿਸ਼ਵਤ ਲੈਣ ਲਈ ਦਬਾਅ ਪਾਇਆ ਜਾ ਰਿਹਾ ਸੀ, ਜਿਸ ਤੋਂ ਨਾਂਹ ਕਰਨ ਉੱਤੇ ਵੀਡੀਓ ਵਾਇਰਲ ਕੀਤੀ ਗਈ ਤੇ ਉਨ੍ਹਾਂ ਦੀ ਦੂਸਰੀ ਪਤਨੀ ਗੁਰਪ੍ਰੀਤ ਕੌਰ 'ਸਿਆਸੀ' ਵਿਰੋਧੀਆਂ ਦੇ ਸੰਪਰਕ ਵਿੱਚ ਹੈ। ਉਨ੍ਹਾਂ ਕਿਹਾ ਕਿ ਗੁਰਪ੍ਰੀਤ ਕੌਰ ਨਾਲ ਪਿਛਲੇ 6-7 ਸਾਲਾਂ ਤੋਂ ਸੰਬੰਧ ਸਨ ਤੇ ਉਸ ਨੇ ਬਲੈਕਮੇਲ ਕਰਕੇ ਮੇਰੇ ਨਾਲ ਵਿਆਹ ਕਰਾਇਆ ਸੀ ਤੇ ਮੇਰੇ ਅਤੇ ਪਾਰਟੀ ਖ਼ਿਲਾਫ਼ ਪੋਸਟਾਂ ਪਾਉਂਦੀ ਰਹੀ ਹੈ। ਪਠਾਣਮਾਜਰਾ ਨੇ ਕਿਹਾ ਕਿ ਉਨ੍ਹਾਂ ਨੇ ਦੂਸਰੀ ਪਤਨੀ ਗੁਰਪ੍ਰੀਤ ਕੌਰ ਨੂੰ ਜ਼ੀਰਕਪੁਰ ਵਿੱਚ ਘਰ ਵੀ ਲੈ ਕੇ ਦਿੱਤਾ ਹੈ, ਜਦ ਕਿ ਉਨ੍ਹਾਂ ਦੀ ਪਹਿਲੀ ਪਤਨੀ ਵੀ ਉਨ੍ਹਾਂ ਨਾਲ ਰਹਿੰਦੀ ਹੈ ਤੇ ਪਹਿਲੀ ਪਤਨੀ ਦੀ ਸਹਿਮਤੀ ਨਾਲ ਦੂਸਰਾ ਵਿਆਹ ਕਰਵਾਇਆ ਸੀ।

ਦੂਸਰੇ ਪਾਸੇ ਹਰਮੀਤ ਪਠਾਣਮਾਜਰਾ ਦੀ ਦੂਸਰੀ ਪਤਨੀ ਗੁਰਪ੍ਰੀਤ ਕੌਰ ਨੇ ਪੁਲਿਸ ਉੱਤੇ ਸੁਣਵਾਈ ਨਾ ਕਰਨ ਦੇ ਦੋਸ਼ ਲਾਏ ਅਤੇ ਕਿਹਾ ਕਿ ਉਸ ਕੋਲ ਆਪਣੇ ਵਿਆਹ ਦੇ ਪੱਕੇ ਸਬੂਤ ਹਨ। ਉਸਨੇ ਪੰਜਾਬ ਸਰਕਾਰ ਤੋਂ ਇਨਸਾਫ਼ ਦੀ ਮੰਗ ਕੀਤੀ ਹੈ, ਜਦ ਕਿ ਜ਼ੀਰਕਪੁਰ ਪੁਲਿਸ ਆਪਣੇ ਤੌਰ ਉੱਤੇ ਪੜਤਾਲ ਕਰ ਰਹੀ ਹੈ।

ਹਰਮੀਤ ਸਿੰਘ ਪਠਾਣਮਾਜਰਾ ਪਹਿਲਾਂ ਅਕਾਲੀ ਦਲ ਅਤੇ ਕਾਂਗਰਸ ਵਿੱਚ ਰਹਿ ਚੁੱਕੇ ਹਨ।ਓਦੋਂ ਵੀ ਉਨ੍ਹਾਂ ਬਾਰੇ ਕਈ ਵਿਵਾਦ ਚੱਲ ਸਨ। ਅਕਾਲੀ ਦਲ ਵਿੱਚ ਹੁੰਦਿਆਂ ਉਨ੍ਹਾਂ ਉੱਤੇ ਸਰਕਾਰੀ ਦਫ਼ਤਰ ਵਿੱਚ ਇਕ ਅਫਸਰ ਉੱਤੇ ਹਮਲਾ ਕਰਨ ਦੇ ਦੋਸ਼ ਲੱਗੇ ਸਨ। ਇਸ ਸਾਲਅਸੈਂਬਲੀ ਚੋਣਾਂ ਮੌਕੇ ਚੋਣ ਕਮਿਸ਼ਨ ਨੂੰ ਦਿੱਤੇ ਐਫੀਡੇਵਿਟ ਵਿੱਚ ਉਸ ਨੇ ਆਪਣੇ ਖਿਲਾਫ ਕੇਸ ਦਰਜ ਹੋਣ ਦੀ ਜਾਣਕਾਰੀ ਨਹੀਂ ਸੀਦਿੱਤੀ, ਜਿਸ ਬਾਰੇ ਕੇਸ ਦਰਜ ਹੋਇਆ ਸੀ। ਉਸ ਦੇ ਪਿਤਾ ਕਾਂਗਰਸੀ ਸਰਪੰਚ ਤੇ ਜ਼ਿਲ੍ਹਾ ਪ੍ਰੀਸ਼ਦ ਮੈਂਬਰ ਹਨ। 1994 ਵਿਚ ਹਰਮੀਤ ਸਿੰਘ ਆਪਣੇ ਪਿਤਾ ਸਣੇ ਕਾਂਗਰਸ ਛੱਡ ਕੇ ਅਕਾਲੀ ਬਣ ਗਿਆ ਤੇ 2008 ਵਿੱਚ ਉਨ੍ਹਾਂ ਨੂੰ ਯੂਥ ਅਕਾਲੀ ਦਲ ਦੇ ਜ਼ਿਲ੍ਹਾ ਅਹੁਦੇਦਾਰ ਬਣਾਇਆ ਗਿਆ ਤੇ ਉਹ ਭੁਨਰਹੇੜੀ ਬਲਾਕ ਸੰਮਤੀ ਦਾ ਚੇਅਰਮੈਨ ਵੀ ਰਿਹਾ। ਹਲਕਾ ਸਨੌਰ ਤੋਂ ਚੋਣ ਲੜਨ ਲਈ ਉਸ ਨੇ 2017 ਵਿਚ ਕਾਂਗਰਸ ਦਾ ਪੱਲਾ ਫੜਿਆ, ਪਰ ਟਿਕਟ ਹਰਿੰਦਰਪਾਲ ਸਿੰਘ ਹੈਰੀਮਾਨ ਨੂੰ ਮਿਲ ਗਈ ਤਾਂਉਸ ਨੇ ਆਜ਼ਾਦ ਉਮੀਦਵਾਰ ਵਜੋਂ ਚੋਣ ਲੜੀ ਅਤੇ ਹਾਰਨ ਪਿੱਛੋਂਸੁਖਪਾਲ ਸਿੰਘ ਖਹਿਰਾ ਦੀ ਪੰਜਾਬ ਏਕਤਾ ਪਾਰਟੀ ਵਿੱਚ ਚਲਾ ਗਿਆ।ਅਪੈਲ 2019 ਵਿਚ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਿਚ ਉਹ ਕਾਂਗਰਸੀ ਬਣ ਗਿਆਅਤੇ ਉਹ ਦਸੰਬਰ 2020 ਵਿਚ ਭਗਵੰਤ ਮਾਨ ਤੇ ਹਰਪਾਲ ਸਿੰਘ ਚੀਮਾ ਦੀ ਅਗਵਾਈ ਵਿੱਚ ਆਮ ਆਦਮੀ ਪਾਰਟੀ ਵਿੱਚ ਚਲਾ ਗਿਆ ਅਤੇ ਵਿਧਾਇਕ ਬਣ ਗਿਆ ਸੀ।

TAX & ACCOUNTING
TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX
ਸਾਨੂੰ ਕਾਲ ਕਰੋ ਤੇ ਆਪਣਾ ਟੈਕਸ ਬਚਾਓ
Harcharan S. Grover
Chartered Accountant
Call for Professional Advice
905.247.0193
info@grovercpa.ca
GroVerCPA Professional Corporation
214-7895 Tranmere Drive, Mississauga ON L5S 1V9

ਆਓ ਸੱਤ ਸਮੁੰਦਰੋਂ ਪਾਰ ਵਾਲਿਆਂ ਦਾ ਵੀ ਸੋਚੀਏ
Super Visa
How your spouse can join you within 4-6 months
How your parents can join you
How students & skilled people can come to Canada
How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
ICCRC
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill
(MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact:
416.910.5676
www.shergilllawfirm.ca

ਖਿੜਕੀਆਂ ਅਤੇ ਦਰਵਾਜੇ ਲਗਵਾਓ
Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਜੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
SINGH (TOCHI)
416-454-3031
647-784-8240
CANADIAN GLASS AND WINDOW
Email: tochisangha1@hotmail.com

ukttc UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾਂ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979
OPEN 7 DAYS uktruck1@gmail.com
Jitpal Singh Deol 647-204-1936

# ਤਰਨ ਤਾਰਨ ਦਾ 'ਦੁੱਖ ਨਿਵਾਰਨ' ਸਾਧ ਤੇ ਸਾਧਵੀ ਨੰਗਲ ਪੁਲਿਸ ਦੇ ਅੜਿੱਕੇ

ਨੰਗਲ, 17 ਅਗਸਤ, (ਪੋਸਟ ਬਿਊਰੋ)- ਦੁੱਖ ਨਿਵਾਰਨ ਦਾ ਦਾਅਵਾ ਕਰਨ ਵਾਲੇ ਤਰਨਤਾਰਨ ਦੇ ਠੱਗ ਨੂੰ ਨੰਗਲ ਦੀ ਪੁਲਿਸ ਨੇ ਇੱਕ ਸਾਧਵੀ ਸਣੇ ਗ੍ਰਿਫ਼ਤਾਰ ਕੀਤਾ ਹੈ।ਇਸਠੱਗ ਟੀਮ ਨੇ ਇਲਾਕੇ ਵਿੱਚ ਵੱਖ-ਵੱਖ ਥਾਈਂ ਚਾਰ ਥਾਂ ਲੋਕਾਂ ਨਾਲ ਠੱਗੀ ਕੀਤੀ ਸੀ ਅਤੇ ਪਿਛਲੇ ਇੱਕ ਸਾਲ ਤੋਂ ਪੁਲਸ ਨੂੰ ਉਸਦੀ ਭਾਲ ਸੀ।ਫੜੇ ਗਏ ਠੱਗ ਸਾਧ ਨੇ ਕਿਹਾ ਕਿ ਉਹ ਚਿੱਟਾ ਪੀਣ ਦਾ ਆਦੀ ਹੈ ਤੇ ਚਿੱਟੇ ਦੀ ਡੋਜ਼ ਨਾ ਮਿਲੇ ਤਾਂ ਉਸਨੂੰ ਦੌਰੇ ਪੈਣ ਲੱਗਦੇ ਹਨ।

ਕਰੀਬ ਅੱਠ ਮਹੀਨੇ ਪਹਿਲਾਂ ਠੱਗੀ ਗਈ ਸੰਤੋਸ਼ ਕੁਮਾਰੀ ਨੇ ਦੱਸਿਆ ਕਿ ਰੇਲਵੇ ਸਟੇਸ਼ਨ ਅੱਗੇ ਬਣੇ ਪਾਰਕ ਵਿੱਚ ਇਹ ਬਾਬਾ ਆਪਣੀ ਸਾਥਣ ਸਣੇ ਉਸਨੂੰ ਕੁਝ ਦੂਰ ਮਹਾਰਾਣਾ ਪ੍ਰਤਾਪ ਚੌਕ ਕੋਲ ਲੈ ਗਿਆ ਤੇ ਕਿਹਾ ਕਿ ਉਹ ਉਸਦਾ ਸਾਰਾ ਦੁੱਖ ਹਰ ਲਵੇਗਾ, ਬਦਲੇ ਵਿੱਚ ਉਹ ਉਸ ਦੇ ਰੁਮਾਲ ਉੱਤੇ ਰੱਖੀ ਅਖ਼ਬਾਰ ਉੱਤੇ ਗਹਿਣੇ ਰੱਖਦੇਵੇ।ਉਸ ਔਰਤ ਨੇ ਉਨ੍ਹਾਂ ਦੇ ਝਾਂਸੇ ਵਿੱਚ ਆ ਕੇ ਚਾਰ ਤੋਲੇ ਦੇ ਕਰੀਬ ਸੋਨਾ ਉਸਰੁਮਾਲ ਵਿੱਚਰੱਖਦਿੱਤਾ। ਬਾਬੇ ਨੇ ਉਸ ਨੂੰ ਅੱਖਾਂ ਬੰਦ ਕਰਕੇ ਧਿਆਨ ਲਾਉਣ ਨੂੰ ਕਿਹਾ ਤੇ ਉਸਦੇ ਹੱਥ ਛੋਟੇ ਛੋਟੇ ਪੱਥਰਾਂ ਦੇ ਟੁਕੜਿਆਂ ਨਾਲ ਭਰੀ ਪੋਟਲੀ ਫੜਾ ਕੇ ਕਿਹਾ ਕਿ ਗਹਿਣੇ ਡਬਲ ਹੋ ਚੁੱਕੇ ਹਨ ਤੇ ਘਰ ਜਾ ਕੇ ਸ਼ਾਮ ਛੇ ਵਜੇ ਖੋਲ੍ਹਣਾ। ਜਦੋਂ ਸੰਤੋਸ਼ ਨੇ ਘਰ ਜਾ ਕੇ ਪੋਟਲੀ ਖੋਲ੍ਹੀ ਤਾਂਵਿੱਚੋਂ ਛੋਟੇ-ਛੋਟੇ ਪੱਥਰ ਨਿਕਲੇ।ਉਸ ਨੇ ਇਸ ਬਾਰੇ ਨੰਗਲ ਥਾਣਾ ਨੂੰਦੱਸਿਆ।ਏਸੇਠੱਗ ਦੀ ਟੀਮ ਨੇ ਪਿਛਲੇ ਮਹੀਨੇ ਰੇਲਵੇ ਰੋਡ ਉੱਤੇ ਸਰੋਜ ਬਾਲਾ ਨਾਮ ਦੀ ਬਜ਼ੁਰਗ ਨਾਲ ਠੱਗੀ ਕੀਤੀ ਤੇ ਢਾਈ ਤੋਲੇ ਦੇ ਸੋਨੇ ਦੇ ਕੰਗਣ ਇਸੇ ਤਰ੍ਹਾਂ ਰੁਮਾਲ ਵਿਚ ਪਾ ਕੇ ਉਸਨੂੰ ਪੱਥਰਾਂ ਦੀ ਪੋਟਲੀ ਫੜਾ ਗਏ। ਕੱਲ੍ਹ ਨੰਗਲ ਪੁਲਸ ਨੇ ਇਸਠੱਗ ਤੇ ਉਸ ਦੀ ਸਾਥਣ ਨੂੰ ਰੇਲਵੇ ਰੋਡ ਤੋਂ ਫੜ ਲਿਆ। ਡੀਐਸਪੀ ਸਤੀਸ਼ ਕੁਮਾਰ ਨੇਦੱਸਿਆ ਕਿ ਇਹ ਸਾਧ ਬਣ ਕੇ ਆਪਣੀ ਸਾਥਣ ਨਾਲ ਬਜ਼ੁਰਗ ਔਰਤਾਂ ਨੂੰ ਠੱਗਦਾਸੀ। ਦੋਵੇਂ ਜਣੇ ਤਰਨਤਾਰਨ ਦੇ ਵਸਨੀਕ ਹਨ।ਠੱਗ ਦਾ ਨਾਮ ਸੋਹਣ ਸਿੰਘ ਉਰਫ ਸੋਨੂ ਉਰਫ ਜੋਗੀ ਹੈ। ਉਸਦੀ ਸਾਥਣ ਉਸਦੀ ਮਾਸੀ ਹੈ, ਜੋ ਔਰਤਾਂ ਨੂੰ ਆਖਦੀ ਸੀ ਕਿ ਸਾਧ ਬਹੁਤ ਕਰਨੀ ਵਾਲਾ ਹੈ।

# ਪੁਲਿਸ ਅਧਿਕਾਰੀ ਦੀ ਗੱਡੀ ਥੱਲੇ ਬੰਬ ਲਾਉਣ ਵਾਲੇ ਦੋਵੇਂ ਦੋਸ਼ੀ ਕਾਬੂ



ਅੰਮ੍ਰਿਤਸਰ, 17 ਅਗਸਤ, (ਪੋਸਟ ਬਿਊਰੋ)- ਏਥੋਂ ਦੇ ਰਣਜੀਤ ਐਵੇਨਿਊ ਇਲਾਕੇ ਵਿੱਚ ਪੁਲਿਸ ਸੀਆਈਏ ਸਟਾਫ਼ ਦੇ ਸਬ-ਇੰਸਪੈਕਟਰ ਦੀ ਗੱਡੀ ਹੇਠਾਂ ਧਮਾਕਾਖੇਜ਼ ਸਮਗਰੀ ਬੀੜਨ ਦੇ ਦੋਸ਼ੀ ਪੁਲਿਸ ਨੇ ਫੜ ਲਏ ਹਨ।

ਵਰਨਣ ਯੋਗ ਹੈ ਕਿ ਧਮਾਕੇ ਵਾਲੀ ਸਮਗਰੀ ਸਬ-ਇੰਸਪੈਕਟਰ ਦਿਲਬਾਗ ਸਿੰਘ ਦੀ ਬੋਲੇਰੋ ਜੀਪ ਦੇ ਹੇਠਾਂ ਰੱਖੀ ਹੋਣ ਦਾ ਪਤਾ ਸਭ ਤੋਂ ਪਹਿਲਾਂ ਕਾਰ ਧੋਣ ਵਾਲੇ ਨੂੰ ਲੱਗਾ ਸੀ। ਸਬ-ਇੰਸਪੈਕਟਰ ਨੇ ਉੱਚ ਅਧਿਕਾਰੀਆਂ ਨੂੰ ਦੱਸਿਆ ਕਿ ਕਾਰ ਧੋਣ ਵਾਲੇ ਨੇ ਉਸ ਨੂੰ ਜਾਣਕਾਰੀ ਦਿੱਤੀ ਹੈ ਕਿ ਕਾਰ ਦੇ ਹੇਠਾਂ ਕੁਝ ਸ਼ੱਕੀ ਸਮਗਰੀਰੱਖੀ ਹੈ। ਪੁਲਿਸ ਨੇ ਇਲਾਕੇ ਦੇ ਸੀਸੀਟੀਵੀ ਕੈਮਰੇ ਵੇਖੇ ਤਾਂ ਪਤਾ ਲੱਗਾ ਕਿ ਦੋ ਅਣਪਛਾਤੇ ਮੋਟਰਸਾਈਕਲ ਸਵਾਰ, ਜਿਨ੍ਹਾਂ ਵਿੱ-ਚਇੱਕਪੱਗ ਵਾਲਾ ਸੀ, ਨੇ ਜੀਪ ਹੇਠਾਂ ਇਹ ਧਮਾਕਾਖੇਜ਼ ਸਮਗਰੀਰੱਖੀ ਹੈ।ਉਨ੍ਹਾਂਨੇ ਇਹ ਧਮਾਕਾਖੇਜ਼ ਸਮਗਰੀ ਕਾਰ ਦੇ ਹੇਠਾਂ ਫਿੱਟ ਕੀਤੀ ਸੀ, ਪਰ ਇਹ ਡਿੱਗ ਪੈਣ ਕਾਰਨ ਕਾਰ ਧੋਣ ਵਾਲੇ ਦੀ ਨਜ਼ਰ ਵਿੱਚ ਆ ਗਈ। ਇਸ ਦੇ ਬਾਅਦ ਜਾਂਚ ਦੌਰਾਨ ਪਤਾ ਲੱਗਾ ਕਿ ਦੋਵੇਂ ਦੋਸ਼ੀ ਵਿਦੇਸ਼ ਦੌੜਨ ਦੇ ਚੱਕਰ ਵਿੱਚ ਹਨ ਤਾਂ ਉਨ੍ਹਾਂ ਨੂੰ ਦਿੱਲੀ ਏਅਰਪੋਰਟ ਤੋਂ ਫੜ ਲਿਆ ਗਿਆ। ਇਹ ਦੋਵੇਂ ਹਰਪਾਲ ਸਿੰਘ ਅਤੇ ਫਤਹਿਦੀਪ ਸਿੰਘ ਤਰਨ ਤਾਰਨ ਜ਼ਿਲੇ ਦੇ ਪੱਟੀ ਤਸੀਲ ਹੇਠਲੇ ਪਿੰਡ ਸਭਰਾ ਨਾਲ ਸੰਬੰਧਸ ਹੋਣ ਦੀ ਖਬਰ ਹੈ, ਜਿਨ੍ਹਾਂ ਵਿੱਚੋਂ ਇੱਕ ਜਣਾ ਪੁਲਸ ਕਰਮਚਾਰੀ ਦੱਸਿਆ ਗਿਆ ਹੈ।

# ਜੈਪੁਰ ਵਿੱਚ ਮਹਿਲਾ ਟੀਚਰ ਨੂੰ ਪੈਟਰੋਲ ਪਾ ਕੇ ਜ਼ਿੰਦਾ ਸਾੜਿਆ



ਜੈਪੁਰ, 17 ਅਗਸਤ, (ਪੋਸਟ ਬਿਊਰੋ)- ਰਾਜਸਥਾਨ ਦੀ ਰਾਜਧਾਨੀ ਜੈਪੁਰ ਜ਼ਿਲ੍ਹੇ ਦੇ ਰਾਏਸਰ ਪਿੰਡ ਵਿੱਚ ਬਦਮਾਸ਼ਾਂ ਨੇ ਇੱਕ ਮਹਿਲਾ ਟੀਚਰ ਨੂੰ ਜ਼ਿੰਦਾ ਸਾੜ ਦਿੱਤਾ। ਸੱਤ ਦਿਨ ਪਹਿਲਾਂ ਦੀ ਇਸ ਘਟਨਾ ਦਾ ਵੀਡੀਓ ਬੁੱਧਵਾਰ ਨੂੰ ਵਾਇਰਲ ਹੋਇਆ। ਮਹਿਲਾ ਟੀਚਰ ਇੱਕ ਦੋਸ਼ੀ ਤੋਂ ਇੱਕ ਸਾਲ ਪਹਿਲਾਂ ਉਧਾਰ ਦਿੱਤੇ ਪੈਸਿਆਂ ਦੀ ਮੰਗ ਕਰਦੀ ਸੀ। ਦੋਸ਼ੀਆਂ ਨੇ ਪੈਟਰੋਲ ਪਾ ਕੇ ਉਸ ਨੂੰ ਅੱਗ ਲਾ ਦਿੱਤੀ। ਬੁਰੀ ਤਰ੍ਹਾਂ ਝੁਲਸ ਗਈ ਮਹਿਲਾ ਅਧਿਆਪਕਾ ਦੀ ਮੰਗਲਵਾਰ ਦੇਰ ਰਾਤ ਐਸਐਮਐਸ ਹਸਪਤਾਲ ਵਿੱਚ ਮੌਤ ਹੋਣ ਦੇ ਬਾਅਦ ਪੁਲਸ ਹਰਕਤ ਵਿੱਚ ਆਈ ਹੈ।

ਰੇਗਰ ਕਲੋਨੀ ਦੇ ਵੀਨਾ ਮੈਮੋਰੀਅਲ ਸਕੂਲ ਵਿੱਚ ਪੜ੍ਹਾਉਂਦੀ ਅਨੀਤਾ ਰੇਗਰ (32) 10 ਅਗਸਤ ਸਵੇਰੇ ਆਪਣੇ ਲੜਕੇ ਰਾਜਵੀਰ (6) ਨਾਲ ਸਕੂਲ ਚੱਲੀਤਾਂ ਅੱਧੀ ਦਰਜਨ ਬਦਮਾਸ਼ਾਂ ਨੇ ਉਸਉੱਤੇ ਹਮਲਾ ਕਰ ਦਿੱਤਾ।ਉਹ ਬਚਣ ਲਈ ਨੇੜੇ ਕਾਲੂਰਾਮ ਦੇ ਘਰ ਜਾ ਵੜੀ ਤੇ ਪੁਲੀਸ ਦੇ 100 ਨੰਬਰ ਉੱਤੇ ਫੋਨ ਕੀਤਾ। ਪੁਲਿਸ ਨਾ ਆਈ ਤਾਂ ਬਦਮਾਸ਼ਾਂ ਨੇ ਅਨੀਤਾ ਨੂੰ ਪੈਟਰੋਲ ਪਾ ਕੇ ਅੱਗ ਲਾ ਦਿੱਤੀ। ਉਹ ਚੀਕਦੀ ਰਹੀ ਤੇ ਬਦਮਾਸ਼ ਇਸ ਘਟਨਾ ਦੀ ਵੀਡੀਓ ਬਣਾਉਂਦੇ ਰਹੇ। ਪਤਾ ਲੱਗਾ ਹੈ ਕਿ ਬਦਮਾਸ਼ਾਂ ਤੋਂ ਡਰਦੇ ਲੋਕਾਂ ਨੇ ਅਨੀਤਾ ਦੀ ਮਦਦ ਨਹੀਂ ਕੀਤੀ। ਘਟਨਾ ਦਾ ਪਤਾ ਲੱਗਾ ਤਾਂ ਅਨੀਤਾ ਦੇ ਪਤੀ ਤਾਰਾਚੰਦ ਆਪਣੇ ਰਿਸ਼ਤੇਦਾਰਾਂ ਨਾਲ ਗਏ ਤੇ 70 ਫੀਸਦੀ ਝੁਲਸ ਚੁੱਕੀ ਅਨੀਤਾ ਨੂੰ ਸਰਕਾਰੀ ਹਸਪਤਾਲਭਰਤੀ ਕਰਵ-ਾਇਆ, ਜਿੱਥੇ ਮੰਗਲਵਾਰ ਰਾਤ ਉਸ ਦੀ ਮੌਤ ਹੋ ਗਈ।ਇਸ ਤੋਂ ਪਹਿਲਾਂ ਅਨੀਤਾ ਨੇ ਆਪਣੇ ਪਤੀ ਨੂੰ ਦੋਸ਼ੀਆਂ ਦੇ ਨਾਂ ਦੱਸੇ ਸਨ।ਉਸ ਨੇ ਦੋਸ਼ੀਆਂ ਨੂੰ ਢਾਈ ਲੱਖ ਰੁਪਏ ਉਧਾਰ ਦਿੱਤੇ ਸਨ। ਜਦੋਂ ਉਹ ਵਾਰ-ਵਾਰ ਪੈਸੇ ਮੰਗਦੀ ਤਾਂ ਇਹ ਲੋਕ ਗਾਲੀ-ਗਲੋਚ ਅਤੇ ਕੁੱਟ-ਮਾਰ ਕਰਦੇ ਸਨ। ਇਸ ਬਾਰੇ ਥਾਣਾ ਰਾਏਸਰ ਵਿਖੇ 7 ਮਈ ਨੂੰ ਕੇਸ ਦਰਜ ਕੀਤਾ ਗਿਆ ਸੀ।ਤਾਰਾਚੰਦ ਨੇ ਦੱਸਿਆ ਕਿ ਪੁਲਿਸ ਨੇ ਉਸ ਨੂੰ ਕੇਸ ਦਰਜ ਕਰਨ ਪਿੱਛੋਂ ਭਜਾ ਦਿੱਤਾ ਸੀ।ਉਸ ਨੇਦੱਸਿਆ ਕਿ ਪਿੰਡ ਦੇ ਗੋਕੁਲ, ਆਨੰਦੀ, ਰਾਮਕਰਨ, ਬਾਬੂਲਾਲ, ਪ੍ਰਹਿਲਾਦ ਰੇਗਰ, ਮੂਲਚੰਦ, ਸੁਰੇਸ਼ ਚੰਦ, ਸੁਲੋਚਨਾ, ਸਰਸਵਤੀ, ਵਿਮਲਾ ਨੇ ਪੈਟਰੋਲ ਪਾ ਕੇ ਅੱਗ ਲਾਈ ਤਾਂ ਉਸ ਦੀ ਪਤਨੀ ਨੇ ਲੋਕਾਂ ਨੂੰ ਜਾਨ ਬਚਾਉਣ ਲਈ ਮਿੰਨਤਾਂ ਕੀਤੀਆਂ, ਪਰ ਬਦਮਾਸ਼ਾਂ ਦੇ ਡਰ ਕਾਰਨ ਕਿਸੇ ਨੇ ਉਸ ਦੀ ਮਦਦ ਨਹੀਂ ਕੀਤੀ। ਇਸ ਪਿੱਛੋਂ 12 ਅਗਸਤ ਨੂੰ ਤਾਰਾਚੰਦ ਨੇ ਪੁਲਿਸ ਡਾਇਰੈਕਟਰ ਜਨਰਲ (ਡੀ ਜੀ ਪੀ) ਨਾਲ ਮੁਲਾਕਾਤ ਕੀਤੀ, ਪਰ ਹਾਲੇ ਤਕ ਕੋਈ ਠੋਸ ਕਾਰਵਾਈ ਨਹੀਂ ਕੀਤੀ ਗਈ।

# ਪੰਜਾਬ ਦੇ 20,000 ਵਿੱਚੋਂ 400 ਸਰਕਾਰੀ ਸਕੂਲ ਅਧਿਆਪਕ ਤੋਂ ਵਾਂਝੇ

ਚੰਡੀਗੜ੍ਹ, 17 ਜੁਲਾਈ (ਪੋਸਟ ਬਿਊਰੋ)- ਪੰਜਾਬ ਦੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਉਨ੍ਹਾਂ ਦੇ ਵਿਭਾਗ ਵੱਲੋਂ ਕਰਵਾਏ ਸਰਵੇਖਣ ਦਾ ਹਵਾਲਾ ਦੇ ਕੇ ਦੱਸਿਆ ਕਿ ਸੂਬੇ ਦੇ 20,000 ਸਰਕਾਰੀ ਸਕੂਲਾਂ ਵਿੱਚੋਂ 400 ਅਧਿਆਪਕਾਂ ਤੋਂ ਬਿਨਾਂ ਹਨ ਅਤੇ 1600 ਸਕੂਲਾਂ ਵਿੱਚ ਸਿਰਫ਼ ਇੱਕ ਅਧਿਆਪਕ ਹੈ।

ਹਰਜੋਤ ਸਿੰਘ ਬੈਂਸ ਨੇ ਇਹ ਗੱਲ ਸਥਾਨਕ ਗੁਰੂ ਨਾਨਕ ਸਟੇਡੀਅਮ ਵਿਖੇ ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ ਕਹੀ। ਉਨ੍ਹਾ ਕਿਹਾ ਕਿ ਪੰਜਾਬ ਵਿੱਚ ਬੁਨਿਆਦੀ ਢਾਂਚੇ ਦੇ ਆਧਾਰ ਉੱਤੇ ਸਕੂਲਾਂ ਦੀ ਪਛਾਣ ਲਈ ਸਰਵੇਖਣ ਚੱਲ ਰਿਹਾ ਹੈ, ਜਿਸ ਵਿੱਚ ਕਲਾਸਰੂਮ, ਲੈਬ, ਸਟਾਫ਼, ਖੇਡ ਮੈਦਾਨ, ਪਖਾਨੇ, ਡੈਸਕ ਸ਼ਾਮਲ ਹਨ। ਬੈਂਸ ਨੇ ਕਿਹਾ ਕਿ ਦੁੱਖ ਦੀ ਗੱਲ ਹੈ ਕਿ ਆਜ਼ਾਦੀ ਦੇ 75 ਸਾਲਾਂ ਬਾਅਦ ਵੀ ਸੂਬੇ ਦੇ ਸਰਕਾਰੀ ਸਕੂਲਾਂ ਦਾ ਬੁਨਿਆਦੀ ਢਾਂਚਾ ਤਸੱਲੀਬਖਸ਼ ਨਹੀਂ। ਸਿੱਖਿਆ ਮੰਤਰੀ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ 60 ਪ੍ਰਿੰਸੀਪਲਾਂ ਅਤੇ ਅਧਿਆਪਕਾਂ ਨੂੰ ਕੈਨੇਡਾ, ਯੂ ਕੇ ਅਤੇ ਸਿੰਗਾਪੁਰ ਭੇਜਣ ਲਈ ਰਸਮੀ ਕਾਰਵਾਈਆਂ ਨੂੰ ਅੰਤਮ ਰੂਪ ਦੇਣ ਦੀ ਪ੍ਰਕਿਰਿਆ ਵਿੱਚ ਹੈ ਜਿੱਥੇ ਉਨ੍ਹਾਂ ਨੂੰ ਉਚ ਸਿਖਲਾਈ ਦਿੱਤੀ ਜਾਵੇਗੀ, ਜਿਸ ਨਾਲ ਸੂਬੇ ਦੇ ਸਰਕਾਰੀ ਸਕੂਲਾਂ ਵਿੱਚ ਸਿੱਖਿਆ ਦਾ ਮਿਆਰ ਉਚਾ ਚੁੱਕਣ ਵਿੱਚ ਮਦਦ ਮਿਲੇਗੀ।

ਇਸ ਮੌਕੇ ਸਿੱਖਿਆ ਮੰਤਰੀ ਨੇ 11ਵੀਂ ਅਤੇ 12ਵੀਂ ਜਮਾਤ ਦੇ ਵਿਦਿਆਰਥੀਆਂ ਵਿੱਚ ਉਦਮੀ ਹੁਨਰ ਵਿਕਸਤ ਕਰਨ ਲਈ ਪਾਇਲਟ ਪ੍ਰੋਜੈਕਟ ਵਜੋਂ 100 ਸਰਕਾਰੀ ਸਕੂਲਾਂ ਵਿੱਚ 'ਬਿਜਨਸ ਬਲਾਸਟਰ' ਪ੍ਰੋਗਰਾਮ ਸ਼ੁਰੂ ਕਰਨ ਦਾ ਵੀ ਐਲਾਨ ਕੀਤਾ। ਉਨ੍ਹਾਂ ਕਿਹਾ ਕਿ ਹਰ ਵਿਦਿਆਰਥੀ ਨੂੰ 2,000 ਰੁਪਏ ਦੀ ਸੀਡ ਮਨੀ ਦਿੱਤੀ ਜਾਵੇਗੀ।

# ਸਿਮਰਨਜੀਤ ਸਿੰਘ ਮਾਨ ਨੇ ਕਿਹਾ: ਦੇਸ਼ ਵਿੱਚ 75 ਸਾਲ ਤੋਂ ਸਿੱਖਾਂ ਨਾਲ ਵਿਤਕਰਾ ਹੋ ਰਿਹੈ

* ਸ਼੍ਰੋਮਣੀ ਕਮੇਟੀ ਉਤੇ ਮਸੰਦਾਂ ਤੇ ਮਹੰਤਾਂ ਦਾ ਕਬਜ਼ਾ ਆਖਿਆ




ਲੁਧਿਆਣਾ, 17 ਅਗਸਤ (ਪੋਸਟ ਬਿਊਰੋ)- ਸੰਗਰੂਰ ਤੋਂ ਪਾਰਲੀਮੈਂਟ ਮੈਂਬਰ ਸਿਮਰਨਜੀਤ ਸਿੰਘ ਮਾਨ ਨੇ ਗੋਆ ਦੀ ਆਜ਼ਾਦੀ ਦੇ ਸ਼ਹੀਦ ਕਰਨੈਲ ਸਿੰਘ ਈਸੜੂ ਅਤੇ ਕਿਸਾਨ ਮੋਰਚੇ ਦੇ ਸ਼ਹੀਦ ਭੁਪਿੰਦਰ ਸਿੰਘ ਈਸੜੂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ ਕਿ ਦੇਸ਼ ਦੀ ਆਜ਼ਾਦੀ ਲਈ ਨੱਬੇ ਫੀਸਦੀ ਤੋਂ ਵੱਧ ਕੁਰਬਾਨੀਆਂ ਸਿੱਖਾਂ ਨੇ ਦਿੱਤੀਆਂ ਹਨ, ਪਰ ਸਰਕਾਰਾਂ ਨੇ ਸਿੱਖ ਕੌਮ ਨੂੰ ਬਣਦਾ ਮਾਣ ਨਹੀਂ ਦਿੱਤਾ ਤੇ ਨਾ ਸਿੱਖਾਂ ਨਾਲ ਆਜ਼ਾਦੀ ਵੇਲੇ ਦੇ ਵਾਅਦੇ ਪੂਰੇ ਕੀਤੇ ਹਨ।

ਸਿਮਰਨਜੀਤ ਸਿੰਘ ਮਾਨ ਨੇ ਕਿਹਾ ਕਿ ਸਰਕਾਰਾਂ ਸਿੱਖਾਂ ਨਾਲ 75 ਸਾਲਾਂ ਤੋਂ ਹਰ ਖੇਤਰ ਵਿੱਚ ਬੇਇਨਸਾਫੀ, ਵਿਤਕਰੇ ਅਤੇ ਧੱਕਾ ਕਰ ਰਹੀਆਂ ਹਨ। ਉਨ੍ਹਾ ਕਿਹਾ ਕਿ ਸਜ਼ਾ ਪੂਰੀ ਕਰ ਚੁੱਕੇ ਸਿੰਘਾਂ ਨੂੰ ਰਿਹਾਅ ਕਰਨ ਵਿੱਚ ਕੇਂਦਰ ਤੇ ਕੇਜਰੀਵਾਲ ਸਰਕਾਰ ਦੋਗਲੀ ਨੀਤੀ ਵਰਤਦੀਆਂ ਹਨ, ਜਦ ਕਿ ਰਾਜੀਵ ਗਾਂਧੀ ਦੇ ਕਾਤਲਾਂ ਨੂੰ 31 ਸਾਲ ਬਾਅਦ ਸੁਪਰੀਮ ਕੋਰਟ ਨੇ ਰਿਹਾਅ ਕਰ ਦਿੱਤਾ ਸੀ। ਲੋਕ ਸਭਾ ਮੈਂਬਰ ਮਾਨ ਨੇ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ 11 ਸਾਲਾਂ ਤੋਂ ਚੋਣਾਂ ਨਹੀਂ ਕਰਵਾਈਆਂ ਗਈਆਂ, ਕਿਉਂਕਿ ਇਸ ਉੱਤੇ ਮਸੰਦਾਂ ਅਤੇ ਮਹੰਤਾਂ ਦਾ ਕਬਜ਼ਾ ਹੈ, ਪਰ ਸਿੱਖ ਕੌਮ ਸੁੱਤੀ ਪਈ ਹੈ। ਇਨ੍ਹਾਂ ਤੋਂ ਕਬਜ਼ਾ ਛੁਡਵਾਉਣ ਲਈ ਅਕਾਲੀ ਦਲ ਅੰਮ੍ਰਿਤਸਰ ਵੱਲੋਂ 15 ਸਤੰਬਰ ਨੂੰ ਦਰਬਾਰ ਸਾਹਿਬ ਅੰਮ੍ਰਿਤਸਰ ਵਿੱਚ ਕਾਨਫਰੰਸ ਕੀਤੀ ਜਾਵੇਗੀ।












# ਅਸੋਸੀਏਸ਼ਨ ਆਫ ਸੀਨੀਅਰਜ਼ ਕਲੱਬ ਨੇ ਸਲਾਨਾ ਸਮਾਗਮ ਕਰਵਾਇਆ






(ਬਰੈਂਪਨ/ਬਾਸੀ ਹਰਚੰਦ) ਬਰੈਂਪਟਨ ਦੀਆਂ ਸੀਨੀਅਰਜ਼ ਕਲੱਬਾਂ ਦੀ ਨੁੰਮਾਇੰਦਗੀ ਕਰਦੀ ਅਸੋਸੀਏਸ਼ਨ ਆਫ ਸੀਨੀਅਰਜ਼ ਕਲੱਬ ਬਰੈਂਪਟਨ (ਕਨੇਡਾ ) ਨੇ ਜੰਗੀਰ ਸਿੰਘ ਸੈਭੀ ਦੀ ਪਰਧਾਨਗੀ ਹੇਠ ਸਲਾਨਾ ਸਮਾਗਮ ਧੂਮ ਧਾਮ ਨਾਲ ਮਨਾਇਆ । ਸੁਬਾਹ ਗਿਆਰਾਂ ਵਜੇ ਤੋਂ ਸੀਨੀਅਰਜ਼ ਕਲੱਬਾਂ ਤੋਂ ਸੀਨੀਅਰ ਪਹੁੰਚਨੇ ਸੁਰੂ ਹੋ ਗਏ ਸਨ। ਅਸੋਸੀਏਸ਼ਨ ਵੱਲੋਂ ਸੱਭ ਪਰਬੰਧ ਮੁਕੱਮਲ ਕਰ ਲਏ ਗਏ ਸਨ। ਸਟੇਜ ਤੋਂ ਬਿਨਾਂ ਲੱਗ ਪੱਗ ਚਾਰ ਸੌ ਕੁਰਸੀਆਂ ਬੈਠਣ ਵਾਸਤੇ ਲਾਈਆਂ ਗਈਆਂ ਸਨ। ਇਸ ਤੋਂ ਵਾਫਰ ਵੀ ਬੰਦੇ ਤੁਰਦੇ ਫਿਰਦੇ ਵੇਖੇ ਗਏ। ਬੜੇ ਸੁਚੱਜੇ ਢੰਗ ਨਾਲ ਸੁਆਗਤੀ ਕਮੇਟੀ ਕਮੇਟੀ, ਭੋਜਨ ਕਮੇਟੀ, ਕਲੱਬਾਂ ਦੇ ਬੈਨਰ ਲਾਉਣ ਵਾਲੀ ਕਮੇਟੀ, ਸਹਾਇਤਾ ਫੰਡ ਲਈ ਕਮੇਟੀ, ਹਸਤਾਖਰ ਕਮੇਟੀ ਆਦਿ ਬਣਾ ਕੇ ਸਾਰੇ ਸਮਾਗਮ ਨੂੰ ਅਯੋਜਤ ਕੀਤਾ ਗਿਆ ਸੀ। ਹਰ ਬੰਦਾ ਆਪਣੇ ਆਪਣੇ ਥਾਂ ਜੁੰਮੇਵਾਰੀ ਨਿਭਾ ਰਿਹਾ ਸੀ। ਸਿਟੀ ,ਪਰੋਵਿੰਸ, ਫੈਡਰਲ ਨੁਮਾਇੰਦਿਆਂ ਤੋਂ ਇਲਾਵਾ ਅਖਬਾਰਾਂ ਦੇ ਸੰਪਾਦਕਾਂ ਨੇ ਪਰਧਾਨਗੀ ਮੰਚ ਤੇ ਸੁਸੋਬਤ ਹੋ ਕੇ ਸਮਾਗਮ ਦੀ ਸ਼ਾਨ ਵਧਾਈ । ਜਿਨਾਂ ਵਿੱਚ ਬਰੈਪਟਨ ਸਿਟੀ ਤੋਂ ਮੇਅਰ ਪੈਟਰਿਕ ਬਰਾਊਨ,ਮਨਿੰਦਰ ਸਿੱਧੂ ਐਮ ਪੀ, ਸੋਨੀਆ ਸਿੱਧੂ ਐਮ ਪੀ, ਸ਼ੌਕਤ ਅਲੀ ਐਮ ਪੀ,ਚਾਰਮਿਨ ਵਿਲਿਅਮ ਐਮ ਪੀ,ਪੀ, ਅਮਨਜੋਤ ਸਿੰਘ ਐਮ ਪੀ ਪੀ ,ਸਹਾਰਾ ਸੀਨੀਅਰਜ਼ ਕਲੱਬ ਮਿਸੀਸਾਗਾ ਤੋਂ ਸੁਖਪਾਲ ਸ਼ੇਰ ਅਤੇ ਸਰਵਨ ਸਿੰਘ ਲਿੱਧੜ, ਪਰਵਾਸੀ ਅਖਬਾਰ ਦੇ ਹੋਣ-ਹਾਰ ਮਾਲਕ ਅਤੇ ਸੰਪਾਦਕ ਰਾਜਿੰਦਰ ਸਿੰਘ ਸੈਣੀ, ਕੰਪਿਊਟਰ ਪੰਜਾਬੀ ਲਿਪੀ ਦੇ ਮਾਹਰ ਕਿਰਪਾਲ ਸਿੰਘ ਪੰਨੂ, ਸੂਗਰ ਇਲਾਜ ਦੇ ਮਾਹਰ ਡਾ:;ਹਰਪਰੀਤ ਸਿੰਘ ਬਜਾਜ ਦੇ ਨਾਂ ਜਿਕਰ ਯੋਗ ਹਨ। ਗੀਤਕਾਰਾਂ ਨੇ ਆਪਣੀ ਕਲਾ ਨਾਲ ਖ਼ੂਬ ਰੌਣਕਾਂ ਲਾਈਆਂ। ਸੀਨੀਅਰ ਔਰਤਾਂ ਵੱਲੋਂ ਪੰਜਾਬੀ ਗਿੱਧਾ ਪਾ ਕੇ ਦਰਸ਼ਕਾ ਦਾ




ਮਨ ਮੋਹ ਲਿਆ। ਪਰਸਿੱਧ ਕਹਾਣੀਕਾਰ ਵਰਿਆਮ ਸਿੰਘ ਸੰਧੂ ਤੋਂ ਇਲਾਵਾ ਕਈ ਨਾਮਵਰ ਸਖਸੀਅਤਾਂ ਨੂੰ ਪਲੈਕ ਦੇ ਕੇ ਅਸੋਸੀਏਸ਼ਨ ਵੱਲੋਂ ਸਨਮਾਨਤ ਕੀਤਾ ਗਿਆ। ਸਟੇਜ ਦੀ ਜੁੰਮੇਵਾਰੀ ਪਰੀਤਮ ਸਿੰਘ ਸਰਾਂ ਨੇ ਨਿਭਾਈ। ਚਾਹ ਭੋਜਨ ਦਾ ਲੰਗਰ ਸਾਰਾ ਦਿਨ ਚਲਦਾ ਰਿਹਾ ਜਿਸ ਵਿਸ਼ੇਸ਼ਤਾ ਇਹ ਸੀ ਕਿ ਮਠਿਆਈ ਘੱਟ ਅਤੇ ਹੈਲਦੀ ਭੋਜਨ ਬਰੌਕਲੀ ਅਤੇ ਕਿਨਵਾ ਪਰੋਸਿਆ ਗਿਆ। ਇਸ ਸਮਾਗਮ ਦੀ ਸਫਲਤਾ ਦਾ ਸਿਹਰਾ ਸਮੁਚੀ ਟੀਮ ਨੂੰ ਜਾਂਦਾ ਹੈ।

## ਸੰਤ ਬਾਬਾ ਈਸ਼ਰ ਸਿੰਘ ਜੀ ਰਾੜੇ ਵਾਲਿਆਂ ਦੀ ਬਰਸੀ ਦੇ ਸੰਬੰਧ ਵਿਚ ਅਖੰਡ ਪਾਠ 26 ਤੋਂ

ਬਰੈਂਪਟਨ ( ਹਰਜੀਤ ਬੇਦੀ): ਪਿੰਡ ਘਵੱਦੀ ਅਤੇ ਇਲਾਕਾ ਨਿਵਾਸੀਆਂ ਵਲੋ ਹਰ ਸਾਲ ਦੀ ਤਰ੍ਹਾਂ ਸੰਤ ਬਾਬਾ ਈਸ਼ਰ ਸਿੰਘ ਜੀ ਰਾੜੇ ਵਾਲਿਆਂ ਦੀ ਬਰਸੀ ਮਨਾਈ ਜਾ ਰਹੀ ਹੈ। ਇਸ ਸਬੰਧ ਵਿੱਚ ਗੁਰਦੁਆਰਾ ਜੋਤ ਪ੍ਰਕਾਸ਼, 135 ਸਨਪੈਕ ਬੁਲੇਵਾਡ ਬਰੈਂਪਟਨ ਵਿਖੇ 26 ਅਗਸਤ ਦਿਨ ਸ਼ੁੱਕਰਵਾਰ 11:00 ਵਜੇ ਆਖੰਡ ਪਾਠ ਆਰੰਭ ਹੋਣਗੇ। ਭੋਗ 28



ਅਗਸਤ ਦਿਨ ਐਤਵਾਰ 10:30 ਵਜੇ ਪਾਏ ਜਾਣਗੇ। ਭੋਗ ਉਪਰੰਤ 12:15 ਵਜੇ ਤੱਕ ਕੀਰਤਨ ਹੋਵੇਗਾ। ਉਸ ਉਪਰੰਤ ਗੁਰੂ ਕਾ ਅਤੁੱਟ ਲੰਗਰ ਵਰਤੇਗਾ।

ਪਰਬੰਧਕਾਂ ਵਲੋਂ ਟੋਰਾਂਟੋ ਏਰੀਏ ਵਿੱਚ ਰਹਿ ਰਹੇ ਪਿੰਡ ਘਵੱਦੀ ਅਤੇ ਇਲਾਕਾ ਨਿਵਾਸੀਆਂ ਨੂੰ ਇਸ ਸਮਾਗਮ ਵਿੱਚ ਪਹੁੰਚਣ ਲਈ ਬੇਨਤੀ ਕੀਤੀ ਜਾਂਦੀ ਹੈ। ਅਜਿਹੇ ਸਮਾਗਮ ਰੁਝੇਵਿਆਂ ਭਰੀ ਜਿੰਦਗੀ ਵਿੱਚ ਆਸਥਾ-ਪੂਰਤੀ ਅਤੇ ਇੱਕ ਦੂਜੇ ਨੂੰ ਮਿਲ ਕੇ ਸਮਾਜਿਕ ਮੇਲ ਜੋਲ ਦਾ ਵਧੀਆਂ ਸਬੱਬ ਬਣਦੇ ਹਨ। ਵਧੇਰੇ ਜਾਣਕਾਰੀ ਲਈ ਨਿਰਮਲ ਸਿੰਘ ਬਾਂਸਲ 905-564-6993, ਪ੍ਰਲਾਹਦ ਸਿੰਘ ਗਿੱਲ 905-915-2566, ਜੋਗਿੰਦਰ ਸਿੰਘ ਗਿੱਲ ਪਟਨੇ ਵਾਲੇ 905-230-0741 ਜਾਂ ਗੁਰਨਾਮ ਸਿੰਘ ਗਿੱਲ 416-908-1300 ਨਾਲ ਸੰਪਰਕ ਕੀਤਾ ਜਾ ਸਕਦਾ ਹੈ।




## ਸ਼ੈਮਰਾਕ ਸਕੂਲ ਵਿਚ ਮਨਾਇਆ ਗਿਆ ਆਜ਼ਾਦੀ ਦਿਹਾੜਾ








ਮੁਹਾਲੀ: ਸ਼ੈਮਰਾਕ ਸੀਨੀਅਰ ਸਕੈਂਡਰੀ ਸਕੂਲ, ਸੈਕੰਡਰੀ ਪੰਜਤਰਵਾਂ ਆਜ਼ਾਦੀ ਦਾ ਦਿਹਾੜਾ ਦੇਸ਼ ਭਗਤੀ ਦਾ ਸੁਨੇਹਾ ਦਿੰਦੇ ਹੋਏ ਹੋ ਨਿਬੜਿਆ। ਸਕੂਲ ਵਿਚ ਸਭ ਤੋਂ ਪਹਿਲਾਂ ਤਿਰੰਗਾ ਲਹਿਰਾਉਣ ਦੀ ਰਸਮ ਸਕੂਲ ਦੇ ਚੇਅਰਮੈਨ ਏ ਐੱਸ ਬਾਜਵਾ ਵੱਲੋਂ ਅਦਾ ਕੀਤੀ ਗਈ। ਉਸ ਤੋਂ ਬਾਅਦ ਵਿਦਿਆਰਥੀਆਂ ਵੱਲੋਂ ਸਭਿਆਚਾਰਕ ਪ੍ਰੋਗਰਾਮ ਪੇਸ਼ ਕੀਤੇ ਗਏ। ਇਸ ਮੌਕੇ ਤੇ ਪ੍ਰਾਇਮਰੀ ਵਿੰਗ ਵੱਲੋਂ ਆਜ਼ਾਦੀ ਘੁਲਾਟੀਆਂ ਦੇ ਭੇਸ ਧਾਰ ਕੇ ਫੈਂਸੀ ਡਰੈੱਸ ਮੁਕਾਬਲੇ ਕਰਵਾਏ ਗਏ। ਇਸ ਦੇ ਨਾਲ ਹੀ ਵਿਦਿਆਰਥੀਆਂ ਵੱਲੋਂ ਦੇਸ਼ ਭਗਤੀ ਰੰਗ ਵਿਚ ਰੰਗੇ ਗੀਤ ਵੀ ਪੇਸ਼ ਕੀਤੇ ਗਏ ।





ਚੇਅਰਮੈਨ ਏ ਐੱਸ ਬਾਜਵਾ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਸਾਨੂੰ ਆਪਣੇ ਦੇਸ਼ ਦੇ ਦੇਸ਼-ਭਗਤਾਂ ਦੇ ਬਲੀਦਾਨ ਨੂੰ ਨਹੀ ਭੁੱਲਣਾ ਚਾਹੀਦਾ। ਅਸੀ ਅੱਜ ਜਿਸ ਆਜ਼ਾਦੀ ਦਾ ਆਨੰਦ ਲੈ ਰਹੇ ਹਾ ਇਸ ਦੇ ਲਈ ਸਾਨੂੰ ਦੇਸ਼ ਦੇ ਉਨ੍ਹਾਂ ਮਹਾਨ ਸਪੂਤਾ ਦਾ ਅਹਿਸਾਨਮੰਦ ਹੋਣਾ ਚਾਹੀਦਾ ਹੈ । ਪ੍ਰਿੰਸੀਪਲ ਪ੍ਰਨੀਤ ਸੋਹਲ ਨੇ ਦੇਸ਼ ਦੇ ਭਵਿੱਖ,ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਆਜ਼ਾਦੀ ਦਾ ਇਹ ਦਿਹਾੜਾ ਯਾਦ ਕਰਵਾਉਂਦਾ ਹੈ ਕਿ ਅਸੀ ਅਜੇ ਤੱਕ ਬੇਸ਼ੱਕ ਆਜ਼ਾਦੀ ਦੇ ਪਰਵਾਨਿਆਂ ਦੀ ਕੁਰਬਾਨੀ ਸਦਕਾ ਗੁਲਾਮੀ ਮੁਕਤ ਆਜ਼ਾਦੀ ਤਾਂ ਮਾਣ ਰਹੇ ਹਾਂ । ਪਰ ਹੁਣ ਸਾਡੀ ਜ਼ਿੰਮੇਵਾਰੀ ਬਣਦੀ ਹੈ ਕਿ ਅਸੀ ਭਾਰਤ ਨੂੰ ਗਰੀਬੀ, ਭ੍ਰਿਸ਼ਟਾਚਾਰ ਅਤੇ ਅਨਪੜ੍ਹਤਾ ਜਿਹੀ ਸਮਾਜਿਕ ਬੁਰਾਈਆਂ ਤੋਂ ਮੁਕਤ ਕਰਾਉਣ ਲਈ ਲਾਮਬੰਦ ਹੋ ਜਾਈਏ। ਇਸ ਸਮਾਰੋਹ ਦੀ ਸਮਾਪਤੀ ਰਾਸ਼ਟਰੀ ਗੀਤ ਨਾਲ ਕੀਤੀ ਗਈ।

# ਭਾਰਤੀ ਜਮਹੂਰੀਅਤ ਅਤੇ ਹਿੰਦੂਤਵ

-ਰਾਜੇਸ਼ ਰਾਮਚੰਦਰਨ

ਭਾਰਤ ਦੀ ਆਜ਼ਾਦੀ ਦੀ 75ਵੀਂ ਵਰ੍ਹੇਗੰਢ ਮੌਕੇ ਸਿਆਸੀ ਮਾਹਿਰਾਂ ਦੇ ਮਨਾਂ ਵਿਚ ਸਭ ਤੋਂ ਅਹਿਮ ਸਵਾਲ ਇਸ ਦੀ ਜਮਹੂਰੀਅਤ ਦੇ ਭਵਿੱਖ ਬਾਰੇ ਉੱਠੇ ਹਨ। ਕੀ ਭਾਰਤ ਬਹੁ-ਗਿਣਤੀਵਾਦੀ ਰਾਜ ਦੇ ਖ਼ਤਰਨਾਕ ਰਾਹ ’ਤੇ ਚੱਲ ਪਿਆ ਹੈ? ਕੀ ਸਿਆਸੀ ਹਿੰਦੂਵਾਦ ਜਾਂ ਹਿੰਦੂਤਵ ਅਗਲੇ ਸਮੇਂ ਦੌਰਾਨ ਤਾਨਾਸ਼ਾਹੀ ਦਾ ਸੰਦ ਬਣੇਗਾ? ਬਹੁਤ ਸਾਰੇ ਰਾਜਨੀਤੀ ਸ਼ਾਸਤਰੀਆਂ ਨੇ ਭਾਰਤੀ ਲੋਕਤੰਤਰ ਨੂੰ ਇੱਕ ਤਰ੍ਹਾਂ ਦੇ ਵਿਰੋਧਾਭਾਸ ਵਜੋਂ ਵੇਖਿਆ ਹੈ, ਜਿਵੇਂ ਅਣ-ਐਲਾਨੀ ਐਮਰਜੈਂਸੀ, ਨਸਲੀ ਤਾਨਾਸ਼ਾਹੀ, ਚੋਣ ਆਧਾਰਿਤ ਤਾਨਾਸ਼ਾਹੀ ਜਾਂ ਏਥੋਂ ਤੱਕ ਕਿ ਉਹ ਪੂਰੀ ਤਰ੍ਹਾਂ ਫਾਸ਼ੀਵਾਦੀ ਇਕ-ਪਾਰਟੀ ਸ਼ਾਸਨ ਵਰਗੇ ਸ਼ਬਦ ਘੜਨ ਲੱਗੇ ਹੋਏ ਹਨ। ਉਂਝ, ਭਾਰਤੀ ਸਥਿਤੀ ਦਾ ਡੂੰਘਾਈ ਨਾਲ ਕੀਤਾ ਗਿਆ ਵਿਸ਼ਲੇਸ਼ਣ, ਇਕ ਨਾਕਾਮ ਸਥਾਪਤੀ ਦੇ ਸੱਤਾ ਤੋਂ ਬੇਦਖ਼ਲ ਹੋ ਚੁੱਕੇ ਕੁਲੀਨ ਵਰਗ ਦੀਆਂ ਅਜਿਹੀਆਂ ਬੌਧਿਕ ਕਲਾਬਾਜ਼ੀਆਂ ਨੂੰ ਝੁਠਲਾਉਂਦਾ ਹੈ। ਉਤਰ ਵਿਚ ਜੰਮੂ ਕਸ਼ਮੀਰ ਉਤੇ ਜ਼ਾਹਰਾ ਤੌਰ ਉੱਤੇ ਹਿੰਦੂ ਬਹੁ-ਗਿਣਤੀ ਨਾ ਹੋਣ ਕਾਰਨਕਦੇ ਵੀ ਹਿੰਦੂਤਵ ਦੀ ਹਕੂਮਤ ਨਹੀਂ ਹੋ ਸਕਦੀ। ਪੰਜਾਬ ਵਿਚ 40 ਫ਼ੀਸਦੀ ਹਿੰਦੂ ਆਬਾਦੀ ਦੇ ਬਾਵਜੂਦ ਭਾਜਪਾ ਨੂੰ ਵਿਧਾਨ ਸਭਾ ਦੀਆਂ ਕੁੱਲ 117 ਸੀਟਾਂ ਵਿਚੋਂ ਮਸਾਂ 2 ਸੀਟਾਂ ਅਤੇ 6.6 ਫ਼ੀਸਦੀ ਵੋਟਾਂ ਮਿਲੀਆਂ ਹਨ। ਪੰਜਾਬ ਵਿਚ ਆਮ ਆਦਮੀ ਪਾਰਟੀ ਦੀ ਧਮਾਕੇਦਾਰ ਜਿੱਤ ਇਸ ਪਾਰਟੀ ਦੀ ਦਿੱਲੀ ਵਿਚ ਤਿਰੰਗੇ ਵਿਚ ਲਿਪਟੀ ਹੋਈ ਚੰਗੀ ਕਾਰਗੁਜ਼ਾਰੀ ਦਾ ਸਿੱਟਾ ਸੀ ਤੇ ਕੌਮੀ ਰਾਜਧਾਨੀ ਵਿਚ ਭਾਜਪਾ ਦਾ ਹਿੰਦੂਤਵਫਿਰ ਨਾਕਾਮ ਹੋ ਗਿਆ। ‘ਕਸ਼ਮੀਰ ਤੋਂ ਕੰਨਿਆਕੁਮਾਰੀ ਤੱਕ’ ਰਾਹੀਂ ਅੱਜ ਆਚਾਰ ਤੋਂ ਲੈ ਕੇ ਸਿਆਸਤ ਤੱਕ ਸਭ ਕਾਸੇ ਦਾ ਸਾਧਾਰਨੀਕਰਨ ਕਰ ਦਿੱਤਾ ਜਾਂਦਾ ਹੈ। ਦਿਲਚਸਪ ਗੱਲ ਹੈ ਕਿ ਤਾਮਿਲਨਾਡੂ ਵਿਚ ਭਾਜਪਾ ਦੀ ਹਾਲਤ ਇਸ ਦੀ ਜੰਮੂ ਕਸ਼ਮੀਰ ਵਿਚਲੀ ਹਾਲਤ ਤੋਂ ਵੀ ਭੈੜੀ ਹੈ ਤੇ ਇਸ ਨੇ 2021 ਵਿਚ ਹਾਕਮ ਪਾਰਟੀ ਨਾਲ ਗੱਠਜੋੜ ਦੇ ਬਾਵਜੂਦਤਾਮਿਲਨਾਡੂ ਵਿਚ ਮਸਾਂ ਚਾਰ ਸੀਟਾਂ ਜਿੱਤੀਆਂ। ਅੰਨਾ ਡੀਐੱਮਕੇ ਵਿਚ ਕਾਫ਼ੀ ਆਗੂਆਂ ਦਾ ਖ਼ਿਆਲ ਹੈ ਕਿ ਉਨ੍ਹਾਂ ਦੀ ਪਾਰਟੀ ਦੀਆਂ ਸੀਟਾਂ ਘਟ ਕੇ 66 ਰਹਿ ਜਾਣ ਦਾ ਇਕੋ-ਇਕ ਕਾਰਨ ਭਾਜਪਾ ਨਾਲ ਗੱਠਜੋੜ ਕਰਨਾ ਸੀ। ਉਤਰੀ ਭਾਰਤ ਵਿਚ ਬਹੁਤੇ ਲੋਕ ਨਹੀਂ ਜਾਣਦੇ ਕਿ ਤਾਮਿਲਨਾਡੂ ਪ੍ਰਾਚੀਨ ਹਿੰਦੂ ਮੰਦਰਾਂ ਅਤੇ ਧਾਰਮਿਕ ਕਰਮਾਂ-ਕਾਂਡਾਂ ਵਾਲਾ ਸਥਾਨ ਹੈ, ਇਸ ਲਈ ਮੱਥੇ ਉਤੇ ਧਾਰਮਿਕ ਨਿਸ਼ਾਨ ਲਾਉਣ ਲਾਉਣ ਵਾਲੇ ਕੱਟੜ ਹਿੰਦੂਆਂ ਨੇ ਵੀ ਓਥੇ ਡੀਐੱਮਕੇ ਨੂੰ ਵੋਟ ਦਿੱਤੀ ਹੈ।

ਕਰਨਾਟਕ ਨੂੰ ਛੱਡ ਕੇ ਦੱਖਣੀ ਭਾਰਤ ਵਿਚ ਹੋਰ ਕਿਤੇ ਵੀ ਭਾਜਪਾ ਦੀ ਸਰਕਾਰ ਨਹੀਂ ਹੈ। ਕੇਰਲ ਵਿਧਾਨ ਸਭਾ ਦੀਆਂ 2021 ਦੀਆਂ ਚੋਣਾਂ ਵਿਚ ਇਸ ਨੂੰ ਇਕ ਵੀ ਸੀਟ ਨਹੀਂ ਮਿਲੀ। ਉਥੇ ਖੱਬੇ ਮੋਰਚੇ ਦੀ ਵਿਜਿਅਨ ਸਰਕਾਰ ਮੁੱਖ ਤੌਰ ’ਤੇ ਐਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਦੇ ਵਾਜਬ ਵਿਹਾਰ ਕਾਰਨ ਹੀ ਬਚੀ ਹੋਈ ਹੈ, ਕਿਉਂਕਿ ਈਡੀ ਵੱਲੋਂ ਸੋਨੇ ਦੀ ਸਮਗਲਿੰਗ ਦੇ ਕੇਸ ਵਿਚ ਮੁੱਖ ਮੰਤਰੀ ਜਾਂ ਉਨ੍ਹਾਂ ਦੇ ਪਰਿਵਾਰ ਤੋਂ ਪੁੱਛਗਿੱਛ ਕਰਨ ਤੋਂ ਇਨਕਾਰ ਕੀਤਾ ਜਾ ਰਿਹਾ ਹੈ। ਇਸ ਤਰ੍ਹਾਂ ਭਗਵਾ ਪਾਰਟੀ ਨੂੰ ਆਂਧਰਾ ਪ੍ਰਦੇਸ਼ ਦੀਆਂ 2019 ਦੀਆਂ ਚੋਣਾਂ ਵਿਚ ਵੀ ਕੋਈ ਸੀਟ ਨਹੀਂ ਮਿਲੀ ਤੇ ਤਿਲੰਗਾਨਾ ਦੀਆਂ 2018 ਦੀਆਂ ਚੋਣਾਂ ਵਿਚ ਇਸ ਨੂੰ ਮਸਾਂ ਇਕ ਸੀਟ ਮਿਲੀ ਜਦੋਂਕਿ ਸਿਆਸੀ ਇਸਲਾਮ ਆਧਾਰਿਤ ਪਾਰਟੀ ਮਜਲਿਸ-ਏ-ਇਤਹਾਦੁਲ ਮੁਸਲਮੀਨ ਨੇ ਸੱਤ ਸੀਟਾਂ ਜਿੱਤੀਆਂ।

ਪੱਛਮ ਵਿਚ ਮਹਾਰਾਸ਼ਟਰ ’ਚ ਪਹਿਲਾਂ ਲੋਕ ਫ਼ਤਵੇ ਨੂੰ ਇਕਹਿਰੀ ਸਭ ਤੋਂ ਵੱਡੀ ਪਾਰਟੀ ਤੋਂ ਚੁਰਾ ਲਏ ਜਾਣ ਤੇ ਫਿਰ ਇਕਹਿਰੀ ਸਭ ਤੋਂ ਵੱਡੀ ਪਾਰਟੀ ਵੱਲੋਂ ਨਵੇਂ ਮਰਾਠਾ ਖੇਤਰੀ ਸਰਦਾਰ ਦੀ ਮਦਦ ਨਾਲ ਫ਼ਤਵਾ ਚੁਰਾ ਲਏ ਜਾਣ ਦੀ ਘਟੀਆ ਕਹਾਣੀ ਦੇਖਣ ਨੂੰ ਮਿਲੀ, ਪਰ ਇਸ ਨੇ ਸਾਬਤ ਕਰ ਦਿੱਤਾ ਕਿ ਭਾਰਤੀ ਜਮਹੂਰੀਅਤ ਪੂਰੀ ਤਰ੍ਹਾਂ ਜ਼ਿੰਦਾ ਹੈ ਤੇ ਦੌਲਤ ਦੇ ਗੰਦੇ ਪਿਆਰ ਵਿਚ ਮਦਮਸਤ ਹੈ। ਪੂਰਬ ਵਿਚ ਮਮਤਾ ਬੈਨਰਜੀ ਦੀ ਤ੍ਰਿਣਮੂਲ ਕਾਂਗਰਸ ਨੇ ਪੱਛਮੀ ਬੰਗਾਲ ਵਿਧਾਨ ਸਭਾ ਦੀਆਂ 292 ਵਿਚੋਂ 213 ਸੀਟਾਂ ਜਿੱਤ ਕੇ ਭਾਜਪਾ ਦੀ ‘ਦੀਦੀ-ਓ-ਦੀਦੀ’ ਮੁਹਿੰਮ ਦਾ ਕੀਮਾ ਬਣਾ ਦਿੱਤਾ।

ਜਦੋਂ ਸਿਆਸੀ ਹਿੰਦੂਵਾਦ ਨੂੰ ਸਿਆਸੀ ਇਸਲਾਮ ਖ਼ਿਲਾਫ਼ ਖੜ੍ਹਾ ਕੀਤਾ ਜਾਂਦਾ ਹੈ, ਜਿਵੇਂ ਤਿਲੰਗਾਨਾ ਜਾਂ ਕੇਰਲ ਦੇ ਕੁਝ ਹਲਕੇ ਜਾਂ ਜਿਥੇ ਕੋਈ ਹੋਰ ਧਾਰਮਿਕ ਵਿਚਾਰਧਾਰਾ ਕੰਮ ਕਰਦੀ ਹੈ, ਜਿਵੇਂ ਪੰਜਾਬ ਦੀ ਤਾਜ਼ਾ ਪਾਰਲੀਮੈਂਟਰੀਉੱਪ ਚੋਣ (ਜਿਸ ਵਿਚ ਧਾਰਮਿਕ ਵੱਖਵਾਦੀ ਆਗੂ ਜੇਤੂ ਰਿਹਾ), ਦੌਰਾਨ ਹਿੰਦੂਤਵ ਅਕਸਰ ਕੋਈ ਕਾਰਕ ਨਹੀਂ ਹੁੰਦਾ। ਸਾਡੇ ਸਿਆਸੀ ਮਾਹਿਰ ਸਾਡੇ ਵੋਟਰਾਂ ਤੋਂ ਵੀ ਵੱਧ ਸਨਕੀ ਹਨ। ਵੋਟਰ ਤਬਦੀਲੀ ਚਾਹੁੰਦਾ ਹੈ ਤੇ ਸਿਆਸੀ ਆਦਰਸ਼ਵਾਦ ਦੀ ਮ੍ਰਿਗ ਤ੍ਰਿਸ਼ਨਾ ਦਾ ਪਿੱਛਾ ਕਰਦਾ ਹੈ। ਇਹੋ ਕਾਰਨ ਹੈ ਕਿ ਭਾਜਪਾ ਉਨ੍ਹਾਂ ਰਾਜਾਂ ਵਿਚ ਕਿਸੇ ਗਿਣਤੀ ਵਿਚ ਨਹੀਂ ਹੈ, ਜਿਥੇ ਇਹ ਕੋਈ ਤਬਦੀਲੀ ਜਾਂ ਭਰੋਸੇਯੋਗ ਬਦਲ ਪੇਸ਼ ਨਹੀਂ ਕਰ ਸਕਦੀ। ਇਸ ਦਾ ਹਿੰਦੂਤਵ ਜੀਵੰਤ ਵਿਰੋਧੀਆਂ ਦਾ ਟਾਕਰਾ ਨਹੀਂ ਕਰ ਸਕਦਾ। ਇਹੋ ਵਜ੍ਹਾ ਹੈ ਕਿ ਇਹ ਬਹੁਤੇ ਦੱਖਣੀ ਰਾਜਾਂ ਵਿਚ ਗੌਣ ਖਿਡਾਰੀ ਬਣ ਜਾਂਦੀ ਹੈ। ਇਥੋਂ ਤੱਕ ਕਿ ਜਿਥੇ ਇਸ ਨੇ ਕਾਂਗਰਸ ਕੋਲੋਂ ਵਿਰੋਧੀ ਧਿਰ ਵਾਲੀ ਥਾਂ ਕਬਜ਼ਾ ਵੀ ਲਈ ਹੈ, ਜਿਵੇਂ ਉੜੀਸਾ; ਉਥੇ ਵੀ ਭਾਜਪਾ ਅਜੇ ਤੱਕ ਕਾਰਗੁਜ਼ਾਰੀ ਦਿਖਾਉਣ ਵਾਲੇ ਮੁੱਖ ਮੰਤਰੀ ਤੋਂ ਲੋਕਾਂ ਦਾ ਭਰੋਸਾ ਨਹੀਂ ਤੋੜ ਸਕੀ।

ਇਥੋਂ ਤੱਕ ਕਿ ਖ਼ਾਨਦਾਨੀ ਸਿਆਸਤ ਵੀ ਕੋਈ ਰੁਕਾਵਟ ਨਹੀਂ ਖੜ੍ਹੀ ਕਰ ਸਕਦੀ, ਜਿਵੇਂ ਤਾਮਿਲਨਾਡੂ, ਆਂਧਰਾ ਪ੍ਰਦੇਸ਼ ਜਾਂ ਉੜੀਸਾ ਤੱਕ ਤੋਂ ਸਾਬਤ ਹੁੰਦਾ ਹੈ, ਜਿਥੇ ਨਵੀਨ ਪਟਨਾਇਕ ਦਾ ਚੁਸਤ ਪ੍ਰਸ਼ਾਸਕ ਢਾਂਚਾ ਉਨ੍ਹਾਂ ਦੇ ਪਿਤਾ ਬੀਜੂਪਟਨਾਇਕ ਦੀ ਵਿਰਾਸਤ ਵਿਚ ਗੜੁੱਚ ਨਜ਼ਰ ਆਉਂਦਾ ਹੈ।ਹਿੰਦੂਤਵ ਉਥੇ ਹੀ ਕੰਮ ਕਰਦਾ ਹੈ, ਜਿਥੇ ਵਿਰੋਧੀ ਕਮਜ਼ੋਰ ਹਨ ਜਾਂ ਉਹ ਸਿਆਸੀ ਟੀਚਿਆਂ ਦੀ ਥਾਂ ਖ਼ੁਦਗਰਜ਼ੀ ਭਰੇ ਜਾਂ ਲਾਲਚੀ ਹਨ। ਨਾਲ ਇਹ ਕਾਂਗਰਸ ਦੇ ਖ਼ਿਲਾਫ਼ ਕੰਮ ਕਰਦਾ ਹੈ, ਜਿਹੜੀ ਪਛਾਣ ਲਈ ਭਟਕ ਰਹੀ ਹੈ। ਰਾਹੁਲ ਗਾਂਧੀ ਨੂੰ ਆਰਐੱਸਐੱਸ ਅਤੇ ਹਿੰਦੂਤਵ ਦਾ ਟਾਕਰਾ ਕਰਨ ਵਾਲਾ ਇਕੋ-ਇਕ ਵਿਰੋਧੀ ਆਗੂ ਆਖ ਕੇ ਵਡਿਆਉਣਾ ਫੈਸ਼ਨ ਬਣ ਚੁੱਕਾ ਹੈ ਪਰ ਕੀ ਸੱਚਮੁੱਚ ਏਦਾਂ ਹੈ? ਉਨ੍ਹਾਂ ਨੂੰ ਆਪਣਾ ਪਰਿਵਾਰਕ ਤੇ ਚੋਣ ਵਿਰਾਸਤ ਵਾਲਾ ਹਲਕਾ (ਯੂਪੀ ਦਾ ਅਮੇਠੀ) ਛੱਡ ਕੇ ਮੁਸਲਿਮ ਤੇ ਈਸਾਈ ਵੋਟਰਾਂ ਦੇ ਦਬਦਬੇ ਵਾਲੇ ਪਹਾੜੀ ਹਲਕੇ (ਕੇਰਲ ਦਾ ਵਾਇਨਾੜ) ਵਿਚ ਸ਼ਰਨ ਲੈਣੀ ਪਈ ਸੀ। ਇੰਝ ਜੇ ਉਹ ਆਪਣੇ ਆਪ ਨੂੰ ਮੁਸਲਿਮ ਤੇ ਈਸਾਈ ਵੋਟਰਾਂ ਨਾਲ ਜੋੜ ਰਹੇ ਹਨ ਤੇ ਪਾਰਲੀਮੈਂਟ ਵਿਚ ਉਨ੍ਹਾਂ ਦੀ ਨੁਮਾਇੰਦਗੀ ਕਰਦੇ ਹਨ ਤਾਂ ਉਹ ਉਸ ਸੰਸਥਾ ਦਾ ਕਿਵੇਂ ਮੁਕਾਬਲਾ ਕਰਦੇ ਹਨ, ਜਿਹੜੀ ਹਿੰਦੂਆਂ ਦੀ ਪ੍ਰਤੀਨਿਧਤਾ ਕਰਦੀ ਹੈ? ਪਛਾਣ ਦੀ ਸਿਆਸਤ ਦੋ-ਧਾਰੀ ਤਲਵਾਰ ਹੁੰਦੀ ਹੈ ਤੇ ਇਹ ਅਕਸਰ ਛੋਟੇ ਫ਼ਿਰਕੂ ਗਰੁੱਪਾਂ ਦੇ ਮੁਕਾਬਲੇ ਵੱਡੇ ਗਰੁੱਪਾਂ ਲਈ ਵੱਧ ਫ਼ਾਇਦੇਮੰਦ ਸਾਬਤ ਹੁੰਦੀ ਹੈ। ਰਾਹੁਲ ਵਾਇਨਾੜ ਦੇ ਮੁਸਲਿਮ ਤੇ ਈਸਾਈ ਵੋਟਰਾਂ ਉਤੇ ਨਿਰਭਰ ਹੋ ਕੇ ਸਿਰਫ਼ ਸਿਆਸੀ ਅਤੇ ਵਿਚਾਰਧਾਰਕ ਤੌਰ ’ਤੇ ਧਾਰਮਿਕ ਪਛਾਣ ਦੀ ਸਿਆਸਤ ਨੂੰ ਵਾਜਬ ਠਹਿਰਾ ਰਹੇ ਹਨ ਅਤੇ ਇਸ ਤਰ੍ਹਾਂ ਉਹ ਆਰਐੱਸਐੱਸ ਨੂੰ ਤਸਦੀਕ ਕਰ ਰਹੇ ਹਨ, ਜੋ ਇਸ ਤਰ੍ਹਾਂ ਦੀ ਸਿਆਸਤ ਦਾ ਸ਼ਾਹ-ਸਵਾਰ ਹੈ।

ਕਾਂਗਰਸ ਲੀਡਰਸ਼ਿਪ ਦੇ ਕੁਲੀਨਵਾਦ ਤੇ ਨਿਮਰਤਾ ਨੂੰ ਇਸ ਦੇ ਤਰਕੀਬ ਆਧਾਰਿਤ ਚੋਣ ਜੁਗਾੜ, ਭਾਵ ਪਛਾਣ ਸਿਆਸਤ ਨਾਲ ਮਿਲਾ ਕੇ ਪੇਸ਼ ਕੀਤੇ ਜਾਣ ਨੂੰ ਪੰਜਾਬ ਦੇ ਦਲਿਤ ਵੋਟਰਾਂ ਨੇ ਵੀ ਰੱਦ ਕੀਤਾ, ਜਦੋਂ ਉਨ੍ਹਾਂ ਦਲਿਤ ਮੁੱਖ ਮੰਤਰੀ ਨੂੰ ਹਰਾਦਿੱਤਾ। ਕਾਂਗਰਸ ਕੋਲ ਹਾਲੇ ਵੀ ਮੱਧ ਵਰਗ ਤੇ ਮਜ਼ਦੂਰ ਜਮਾਤ ਦੀ ਈਰਖਾ ਤੇ ਉਨ੍ਹਾਂ ਦੀਆਂ ਖ਼ਾਹਸ਼ਾਂ ਪੂਰੀਆਂ ਕਰਨ ਦਾ ਕੋਈ ਜਵਾਬ ਨਹੀਂ, ਕਿਉਂਕਿ ਇਨ੍ਹਾਂ ਵੋਟਰਾਂ ਨੂੰ ਕਾਂਗਰਸ ਦੀ ਸਿਆਸਤ ਵਿਚੋਂ ਸਿਰਫ਼ ਉੱਚ ਵਰਗੀ ਉਦਾਰਵਾਦੀਆਂ ਵਾਲੀ ਕੁਲੀਨਵਾਦੀ ਮੌਕਾਪ੍ਰਸਤੀ ਹੀ ਮਿਲਦੀ ਹੈ, ਸਮੇਤ ਰਾਹੁਲ ਦੀ ਸਿਆਸਤ ਦੇ। ਅਜੋਕੀ ਕਾਂਗਰਸ ਦੀ ਸਮੱਸਿਆ ਸਿਰਫ਼ ਇਹੋ ਨਹੀਂ ਕਿ ਇਸ ਦਾ ਮੋਹਰੀ ਪਰਿਵਾਰ ਲਗਾਤਾਰ ਪਾਰਟੀ ਲੀਡਰਾਂ ਤੇ ਕਾਂਗਰਸੀ ਕੇਡਰ ਦੀ ਪਹੁੰਚ ਤੋਂ ਬਾਹਰ ਬਣਿਆ ਹੋਇਆ ਹੈ, ਸਗੋਂ ਇਸ ਦੀ ਸਮੱਸਿਆ ਲੋਕ ਨੁਮਾਇੰਦਗੀ ਦੀ ਕਮੀ ਵੀ ਹੈ।

ਗਾਂਧੀ ਪਰਿਵਾਰ ਨੇ ਅਜੇ ਤੱਕ ਨੁਮਾਇੰਦਗੀ ਦੇ ਸਵਾਲ ਦਾ ਜਵਾਬ ਨਹੀਂ ਦਿੱਤਾ। ਉਹ ਆਪਣੇ ਵੱਲੋਂ ਹਮੇਸ਼ਾ ਖੇਡੀ ਜਾਂਦੀ ਪਛਾਣ ਸਿਆਸਤ ਦੇ ਪੱਖੋਂ ਆਖ਼ਿਰ ਕਿਸ ਦੀ ਪ੍ਰਤੀਨਿਧਤਾ ਕਰਦੇ ਹਨ? ਕੀ ਘੱਟਗਿਣਤੀਆਂ ਦੀ? ਮੁਸਲਮਾਨਾਂ ਤੇ ਈਸਾਈਆਂ ਦੀਆਂ ਆਪੋ-ਆਪਣੀਆਂ ਪਾਰਟੀਆਂ ਹਨ ਤੇ ਉਨ੍ਹਾਂ ਨੂੰ ਗਾਂਧੀ ਪਰਿਵਾਰ ਦੀ ਲੋੜ ਨਹੀਂ। ਰਾਹੁਲ ਨੂੰ ਮੁਸਲਿਮ ਲੀਗ ਤੇ ਕੇਰਲ ਕਾਂਗਰਸ (ਈਸਾਈ ਪਾਰਟੀ, ਨਾ ਕਿ ਇੰਡੀਅਨ ਨੈਸ਼ਨਲ ਕਾਂਗਰਸ ਦੀ ਕੇਰਲ ਇਕਾਈ) ਦੀਆਂ ਵੋਟਾਂ ਦੀ ਜ਼ਿਆਦਾ ਲੋੜ ਹੈ, ਨਾ ਕਿ ਇਨ੍ਹਾਂ ਦੋਵਾਂ ਮੁਸਲਿਮ ਅਤੇ ਈਸਾਈ ਪਾਰਟੀਆਂ ਨੂੰ ਰਾਹੁਲ ਦੀ ਤਸਦੀਕ ਦੀ ਵੱਧ ਲੋੜ ਹੈ। ਕਾਂਗਰਸ ਨੂੰ ਵੱਡੇ ਲੋਕ ਗਰੁੱਪ ਦੀ ਨੁਮਾਇੰਦਾ ਪਾਰਟੀ ਬਣਨਾ ਪਵੇਗਾ ਅਤੇ ਇਸ ਲਈ ਜ਼ਰੂਰੀ ਹੈ ਕਿ ਇਸ ਦਾ ਪ੍ਰਧਾਨ ਕਿਸੇ ਕਿਸਾਨੀ ਜਾਤ ਜਾਂ ਓਬੀਸੀ (ਅਦਰ ਬੈਕਵਰਡ ਕਲਾਸਿਜ਼) ਨਾਲ ਸਬੰਧਿਤ ਹੋਵੇ, ਕੋਈ ਅਸ਼ੋਕ ਗਹਿਲੋਤ ਜਾਂ ਭੁਪਿੰਦਰ ਹੁਡਾ, ਜਿਹੜਾ ਕੁੱਲ-ਵਕਤੀ ਸਿਆਸਤਦਾਨ ਹੋਵੇ। ਭਾਰਤੀ ਜਮਹੂਰੀਅਤ ਨੂੰ ਪਛਾਣ ਦੀ ਸਿਆਸਤ ਦੀ ਥਾਂ ਜ਼ਮੀਨੀ ਪੱਧਰ ਦੀ ਅਤੇ ਨੁਮਾਇੰਦਾ ਸਿਆਸਤ ਦੀ ਭਾਰੀ ਲੋੜ ਹੈ। ਇਥੋਂ ਤੱਕ ਕਿ ਜੇ ਕੋਈ ਠੋਸ ਬਦਲ ਉਮੀਦ ਅਤੇ ਤਬਦੀਲੀ ਦਾ ਭਰੋਸੇਯੋਗ ਸੁਨੇਹਾ ਲੈ ਕੇ ਆਉਂਦਾ ਹੈ ਤਾਂ ਹਿੰਦੀ ਭਾਸ਼ੀ ਖੇਤਰ ਵੀ ਹਿੰਦੂਤਵ ਨੂੰ ਠੋਕਰ ਮਾਰ ਦੇਵੇਗਾ।

# ਭਾਰਤ ਦੇ 75 ਸਾਲਾ ਰਿਕਾਰਡ ਦਾ ਲੇਖਾ ਜੋਖਾ

ਟੀਐੱਨ ਨੈਨਾਨ

ਆਜ਼ਾਦੀ ਤੋਂ ਬਾਅਦ ਭਾਰਤ ਦੇ 75 ਸਾਲਾ ਰਿਕਾਰਡ ਦਾ ਲੇਖਾ ਜੋਖਾ ਸਾਨੂੰ ਕਿੰਝ ਕਰਨਾ ਚਾਹੀਦਾ ਹੈ? ਇਸ ਦਾ ਸਭ ਤੋਂ ਪ੍ਰਤੱਖ ਨੁਕਤਾ ਉਹ ਨਾਟਕੀ ਮੋੜ ਹੈ, ਜੋ ਇਸ ਨੇ ਪਹਿਲਾਂ 90 ਸਾਲ ਦੇ ਬਸਤੀਵਾਦੀ ਸ਼ਾਸਨ ਅਤੇ ਉਸ ਤੋਂ ਵੀ ਪਹਿਲਾਂ ਸ਼ੋਸ਼ਣਕਾਰੀ ਬਸਤੀਵਾਦੀ ਕਬਜ਼ੇ ਦੀ ਇਕ ਸਦੀ ਤੋਂ ਬਾਅਦ ਕੱਟਿਆ ਸੀ। ਲਗਭਗ ਦੋ ਸਦੀਆਂ ਦੇ ਪਹਿਲਾਂ ਤੇਜ਼ੀ ਨਾਲ ਨਿਘਾਰ ਅਤੇ ਫਿਰ ਖੜੋਤ (ਜਿਸ ਹੇਠ ਭਾਰਤ ਦੀ 1947 ਵਿਚ ਜੀਵਨ ਜਿਊਣ ਦੀਆਂ ਸੰਭਾਵਨਾਵਾਂ ਦੀ ਔਸਤ ਦਰ 32 ਸਾਲ ਸੀ) ਤੋਂ ਬਾਅਦ ਜਦੋਂ ਇਸ ਨੇ ਨਵੀਂ ਗਤੀਸ਼ੀਲਤਾ, ਆਜ਼ਾਦੀ ਦੇ ਉਮਾਹ ਨਾਲ ਆਪਣੇ ਆਪ ਨੂੰ ਸਮਾਜਿਕ ਤੇ ਆਰਥਿਕ ਤਰੱਕੀ ਦੇ ਲੇਖੇ ਲਾਇਆ ਸੀ।

ਪੱਛਮੀ ਸਮੀਖਿਅਕਾਂ (ਸੈਲਿਗ ਹੈਰੀਸਨ ਨੇ 1960 ਵਿਚ ਕਿਹਾ ਸੀ ਕਿ ਭਾਰਤ ਵਿਚ ਵੀ ਪਾਕਿਸਤਾਨ ਵਾਂਗ ਫ਼ੌਜੀ ਸ਼ਾਸਨ ਹੋ ਜਾਵੇਗਾ, ਜਾਂ ਇਹ ਦੇਸ਼ ਬਿਖਰ ਜਾਵੇਗਾ; ਜਾਂ ਆਪਣੀਆਂ ਸਾਮਰਾਜਵਾਦੀ-ਨਸਲਵਾਦੀ ਐਨਕਾਂ ਰਾਹੀਂ ਦੇਖਣ ਵਾਲੇ ਵਿੰਸਟਨ ਚਰਚਿਲ ਦਾ ਕਹਿਣਾ ਸੀ ਕਿ ਭਾਰਤ ਯੂ ਐੱਨ ਓ ਤੋਂ ਵੱਧ ਕੁਝ ਨਹੀਂ) ਦੀਆਂ ਸੰਗੀਨ ਟੀਕਾ-ਟਿੱਪਣੀਆਂ ਨੂੰ ਰੱਦ ਕਰ ਕੇ ਇਹ ਦੇਸ਼ ਸਮੁੱਚੇ ਰੂਪ ਵਿਚ ਇਕਜੁੱਟ ਰਿਹਾ ਅਤੇ ਬਸਤੀਵਾਦੀ ਦੌਰ ਤੋਂ ਬਾਅਦ ਲੋਕਰਾਜੀ ਰਾਜਤੰਤਰ ਬਣੇ ਰਹਿਣ ਵਾਲੇ ਕੁਝ ਕੁ ਦੇਸ਼ਾਂ ਵਿਚ ਸ਼ਾਮਲ ਰਿਹਾ ਹੈ। ਇਹ ਬਹੁਤ ਵੱਡੀਆਂ ਪ੍ਰਾਪਤੀਆਂ ਹਨ।

ਆਰਥਿਕ ਮੋਰਚੇ ’ਤੇ ਭਾਰਤ ਨੇ ਨਵੀਂ ਸਵੇਰ ਦੇ ਵਾਅਦੇ ਨਾਲ ਸ਼ੁਰੂ ਕਰਦਿਆਂ ਕਮਜ਼ੋਰ ਕਾਰਗੁਜ਼ਾਰੀ ਦਿਖਾਈ ਅਤੇ ਫਿਰ ਪਿਛਲੇ ਤਿੰਨ ਦਹਾਕਿਆਂ ਤੋਂ ਇਸ ਨੇ ਬਿਹਤਰ ਕਾਰਗੁਜ਼ਾਰੀ ਵਾਲੇ ਅਰਥਚਾਰੇ ਦੇ ਤੌਰ ’ਤੇ ਨਾਮਣਾ ਖੱਟਿਆ। ਨੇੜ ਭਵਿੱਖ ਵਿਚ ਇਸ ਨੇ ਸਭ ਤੋਂ ਤੇਜ਼ੀ ਨਾਲ ਤਰੱਕੀ ਕਰਨ ਵਾਲਾ ਵੱਡਾ ਅਰਥਚਾਰਾ ਬਣੇ ਰਹਿਣ ਦੀ ਪੁਜ਼ੀਸ਼ਨ ਬਣਾ ਲਈ ਹੈ। ਇਸ ਸਾਲ ਇਹ ਦੁਨੀਆ ਦਾ ਪੰਜਵਾਂ ਸਭ ਤੋਂ ਵੱਡਾ ਅਰਥਚਾਰਾ ਬਣ ਜਾਵੇਗਾ। ਇਕ ਦਹਾਕਾ ਪਹਿਲਾਂ ਇਹ ਦੁਨੀਆ ਦੇ ਚੋਟੀ ਦੇ ਦਸ ਅਰਥਚਾਰਿਆਂ ਵਿਚ ਵੀ ਨਹੀਂ ਆਉਂਦਾ ਸੀ।

ਕੌਮਾਂਤਰੀ ਮਾਮਲਿਆਂ ਦੀ ਨਜ਼ਰ ਤੋਂ ਭਾਰਤ ਯਥਾ-ਸਥਿਤੀ ਬਣਾ ਕੇ ਰੱਖਣ ਵਾਲੀ ਸ਼ਕਤੀ ਵਜੋਂ ਦੇਖਿਆ ਜਾਂਦਾ ਹੈ ਤੇ ਨਾਲ ਸਿਰਮੌਰ ਸਭਾ ਵਿਚ ਆਪਣਾ ਸਥਾਨ ਹਾਸਲ ਕਰਨ ਦਾ ਖਾਹਸ਼ਮੰਦ ਹੈ। ਦੁਨੀਆ ਦੇ ਨਕਸ਼ੇ ’ਤੇ ਕੁਝ ਕੁ ਚਿੰਤਾਮੁਕਤ ਮੁਕਾਮ ਹਨ, ਜਿਨ੍ਹਾਂ ਵਿਚ ਇਸ ਦਾ ਸ਼ੁਮਾਰ ਕੀਤਾ ਜਾਂਦਾ ਹੈ। ਇਹ ਸਥਿਰ, ਭਰੋਸੇਮੰਦ ਅਤੇ ਜ਼ਿੰਮੇਵਾਰ ਐਟਮੀ ਸ਼ਕਤੀ ਵਜੋਂ ਜਾਣਿਆ ਜਾਂਦਾ ਹੈ। ਆਪਣੇ ਦੋ ਗੁਆਂਢੀ ਦੇਸ਼ਾਂ ਨਾਲ ਅਣਸੁਲਝੇ ਟਕਰਾਵਾਂ ਦੇ ਬਾਵਜੂਦ ਇਸ ਦੇ ਲਗਭਗ ਸਾਰੇ ਮੁਲਕਾਂ ਨਾਲ ਚੰਗੇ ਸਬੰਧ ਹਨ। ਇਸ ਦੀਆਂ ਕੋਈ ਅਤੀਤ-ਮੁਖੀ ਖਾਹਸ਼ਾਂ ਨਹੀਂ ਹਨ; ਜਿੱਥੋਂ ਤੱਕ ਜਲਵਾਯੂ ਸੰਕਟ ਦਾ ਸਵਾਲ ਹੈ, ਇਹ ਆਮ ਤੌਰ ’ਤੇ ਸਮੱਸਿਆ ਦੀ ਥਾਂ ਹੱਲ ਪੇਸ਼ ਕਰ ਰਿਹਾ ਹੈ।ਸੰਸਾਰ ਆਰਥਿਕ ਤਰੱਕੀ ਵਿਚ ਇਸ ਦਾ ਤੀਜਾ ਸਭ ਤੋਂ ਵੱਡਾ ਯੋਗਦਾਨ ਹੈ ਪਰ ਇਸ ਰਿਕਾਰਡ ’ਤੇ ਕਈ ਦਾਗ਼ ਵੀ ਹਨ। 75 ਸਾਲ ਬੀਤਣ ਅਤੇ ਤੇਜ਼ੀ ਨਾਲ ਵਧਦੀ ਆਰਥਿਕਤਾ ਦੇ ਸਾਧਨਾਂ ਦੇ ਬਾਵਜੂਦ ਭਾਰਤ ਤਿੰਨ ਬੁਨਿਆਦੀ ਮੁਹਾਜ਼ਾਂ ’ਤੇ ਨਾਕਾਮ ਹੋਇਆ ਹੈ: ਦਸਵੀਂ ਜਮਾਤ ਤੱਕ ਸਰਬਵਿਆਪੀ ਸਕੂਲ ਸਿੱਖਿਆ, ਚੰਗੀ ਸਿਹਤ ਪ੍ਰਣਾਲੀ ਅਤੇ ਸਰਬਵਿਆਪੀ ਸਿਹਤ ਸੰਭਾਲ ਅਤੇ ਸਾਰੇ ਲੋੜਵੰਦਾਂ ਲਈ ਰੁਜ਼ਗਾਰ। ਇਸ ਬਾਰੇ ਕਿਸੇ ਚਿੰਤਕ ਦਾ ਕਥਨ ਹੈ: ‘ਬਹੁਤੇ ਭਾਰਤੀ ਲੋਕ ਲਾਚਾਰੀ ਦੀ ਜ਼ਿੰਦਗੀ ਗੁਜ਼ਾਰਦੇ ਹਨ।’

ਇਨ੍ਹਾਂ ਤਿੰਨ ਬੁਨਿਆਦੀ ਨਾਕਾਮੀਆਂ ਨਾਲ ਦੋ ਹੋਰ ਨਾਕਾਮੀਆਂ ਜੋੜੀਆਂ ਜਾ ਸਕਦੀਆਂ ਹਨ: ਬੁਨਿਆਦੀ ਸਹੂਲਤਾਂ (ਸਾਫ਼ ਪੀਣ ਯੋਗ ਪਾਣੀ ਤੇ ਹਵਾ ਸਮੇਤ) ਤੱਕ ਸਰਬਵਿਆਪੀ ਰਸਾਈ ਅਤੇ ਢੁਕਵਾਂ ਅਮਨ ਕਾਨੂੰਨ-ਕਮ-ਨਿਆਂਪ੍ਰਬੰਧ ਜਿਸ ਤਹਿਤ ਜੇਲ੍ਹਾਂ ਵਿਚ ਬੰਦ ਅਜਿਹੇ ਕੈਦੀ ਨਾ ਹੋਣ, ਜਿਨ੍ਹਾਂ ਵਿਚੋਂ ਦੋ ਤਿਹਾਈ ਖਿਲਾਫ਼ ਅਜੇ ਕੇਸ ਦੀ ਕਾਰਵਾਈ ਚੱਲ ਰਹੀ ਹੋਵੇ। ਇਸ ਦੇ ਨਾਲ ਵਾਤਾਵਰਨ ਦੀ ਬਰਬਾਦੀ ਤੇ ਗ਼ੈਰ-ਹੰਢਣਸਾਰ ਖੇਤੀਬਾੜੀ ਵਿਧੀਆਂ ਕਰ ਕੇ ਪਾਣੀ ਦੀ ਹੋ ਰਹੀ ਕਿੱਲਤ ਇਹ ਨਾਕਾਮੀਆਂ ਵਧਾ ਰਹੀਆਂ ਹਨ। ਇਨ੍ਹਾਂ ਨਾਕਾਮੀਆਂ ਨੂੰ ਭੁਗਤਣ ਵਾਲਿਆਂ ਵਿਚ ਲਗਭਗ ਸਭ ਹੇਠਲੀਆਂ ਸ਼ੇਣੀਆਂ ਸ਼ਾਮਲ ਹਨ, ਜਿਵੇਂ ਦਲਿਤ ਤੇ ਆਦਿਵਾਸੀ, ਪਰਵਾਸੀ ਅਤੇ ਗ਼ੈਰ-ਜਥੇਬੰਦ ਖੇਤਰ ਵਿਚ ਕੰਮ ਕਰਨ ਵਾਲੇ ਹੋਰ ਕਾਮੇ ਜੋ ਇਕ ਲੇਖੇ ਨਿਤਾਣੇ ਗਿਣੇ ਜਾਂਦੇ ਹਨ।

ਇਉਂ ਭਾਰਤ ਬਹੁਤ ਨਾ-ਬਰਾਬਰੀ ਭਰਿਆ ਤੇ ਅਨਿਆਂਪੂਰਨ ਸਮਾਜ ਹੋ ਗਿਆ ਹੈ। ਇਨ੍ਹਾਂ ਨਾਕਾਮੀਆਂ ਨੂੰ ਵੱਡੇ ਪੱਧਰ ’ਤੇ ਪ੍ਰਵਾਨ ਕੀਤਾ ਜਾਂਦਾ ਹੈ (ਜਿਸ ਦੇ ਕਾਰਨਾਂ ਦਾ ਸਮੁੱਚੇ ਰੂਪ ਵਿਚ ਵਿਸ਼ਲੇਸ਼ਣ ਨਹੀਂ ਕੀਤਾ ਗਿਆ ਜਾਂ ਇਨ੍ਹਾਂ ਨੂੰ ਸਮਝਿਆ ਨਹੀਂ ਗਿਆ), ਇਹ ਫ਼ੌਰੀ ਤੇ ਕਾਰਗਰ ਕਾਰਵਾਈ ਦਾ ਵਿਸ਼ਾ ਕਦੇ ਨਹੀਂ ਬਣਿਆ। ਮੱਧ ਵਰਗ ਦਾ ਦਾਇਰਾ ਵਧਾਉਣ ’ਤੇ ਧਿਆਨ ਦਿੱਤਾ ਗਿਆ ਤਾਂ ਭਟਕਾਓ ਸਿੱਧ ਹੋਇਆ; ਖਾਸਕਰ ਉਦੋਂ ਜਦੋਂ ਮੱਧ ਵਰਗ ਮੱਧ ਵਿਚ ਨਹੀਂ ਰਹਿ ਗਿਆ, ਸਗੋਂ ਉਪਰਲੇ ਵਰਗ ਦਾ ਹਿੱਸਾ ਬਣ ਗਿਆ ਹੈ ਅਤੇ ਕੁਝ ਮਾਪਕਾਂ ਤੋਂ ਉਪਰਲੇ ਵਰਗ ਦੀ ਪਰਤ ਹੋਰ ਪੇਤਲੀ ਹੋ ਗਈ ਹੈ। ਵੱਖ ਵੱਖ ਖੇਤਰਾਂ ਵਿਚ ਸਫਤਲਾਵਾਂ ਲਾਜ਼ਮੀ ਤੌਰ ’ਤੇ ਇਸ ਉਤਲੇ ਵਰਗ ਦੀਆਂ ਸਫਲਤਾਵਾਂ ਹਨ ਪਰ ਸਿਰਫ ਇਸ ਕਰ ਕੇ ਇਨ੍ਹਾਂ ਨੂੰ ਛੁਟਿਆਇਆ ਨਹੀਂ ਜਾਣਾ ਚਾਹੀਦਾ। ਇਸੇ ਦੌਰਾਨ ਸਾਦ ਮੁਰਾਦੇ ਲੋਕਰਾਜ (ਭਾਵ ਮਿੱਥੇ ਸਮੇਂ ’ਤੇ ਚੋਣਾਂ ਕਰਵਾ ਕੇ ਲੋਕਪ੍ਰਿਯਾ ਸ਼ਾਸਨ ਦੇਣ ਵਾਲਾ ਦੇਸ਼) ਦੀਆਂ ਨਸਾਂ ਦਾ ਕੰਮ ਦੇਣ ਵਾਲੀਆਂ ਜਨਤਕ ਸੰਸਥਾਵਾਂ ਪਿਛਲੇ ਕਈ ਸਾਲਾਂ ਤੋਂ ਕਮਜ਼ੋਰ ਪੈ ਰਹੀਆਂ ਹਨ ਜਿਨ੍ਹਾਂ ਨੂੰ ਅੰਦਰੋਂ ਬਾਹਰੋਂ ਖੋਰਾ ਲਾਇਆ ਜਾਂਦਾ ਹੈ। ਵਿਧਾਨ ਪਾਲਿਕਾਵਾਂ ਕਦੇ ਕਦਾਈਂ ਹੀ ਕੰਮ ਕਰਦੀਆਂ ਹਨ, ਅਦਾਲਤਾਂ ਦੀ ਭਰੋਸੇਯੋਗਤਾ ਨਹੀਂ ਰਹੀ ਅਤੇ ਲੋਕਾਂ ਦੀ ਭਾਈਵਾਲੀ ਨਾਲ ਕੰਮ ਕਰਨ ਵਾਲੀਆਂ ਹੇਠਲੀਆਂ ਸ਼ਾਸਕੀ ਸੰਸਥਾਵਾਂ ਵਿੱਤੀ ਤੌਰ ’ਤੇ ਨੰਗ ਹਨ। ਸਟੇਟ ਤੇ ਮੰਡੀਆਂ ਦੇ ਸਬੰਧ ਭਾਵੇਂ ਸਮੱਸਿਆ ਵਾਲੇ ਬਣੇ ਰਹੇ ਹਨ, ਪਰ ਅੱਜਕੱਲ੍ਹ ਸਟੇਟ ਤੇ ਵਿਅਕਤੀ ਦੇ ਸਬੰਧਾਂ ਨੂੰ ਲੈ ਕੇ ਜ਼ਿਆਦਾ ਫਿਕਰਮੰਦੀ ਹੋ ਰਹੀ ਹੈ। ਜੇ ਭਾਰਤ ਆਪਣੀਆਂ ਸੰਸਥਾਈ ਅਤੇ ਨੀਤੀ ਨਾਕਾਮੀਆਂ ਨੂੰ ਮੁਖ਼ਾਤਬ ਹੋਣ ਵਿੱਚ ਕਾਮਯਾਬ ਹੋ ਜਾਂਦਾ ਹੈ, ਨਾ-ਬਰਾਬਰੀਆਂ ਘਟਾਉਣ ’ਤੇ ਧਿਆਨ ਕੇਂਦਰਤ ਕਰ ਲੈਂਦਾ ਅਤੇ ਆਪਣੀਆਂ ਕਮੀਆਂ ਪੇਸ਼ੀਆਂ ਦੂਰ ਕਰ ਲੈਂਦਾ ਹੈ ਤਾਂ ਅਗਲੇ 25 ਸਾਲਾਂ ਦੌਰਾਨ ਕੌਮ ਦੇ ਤੌਰ ’ਤੇ ਭਾਰਤ ਦੇ ਉਭਾਰ ਨੂੰ ਕਿਤੇ ਜ਼ਿਆਦਾ ਭਰਵੇਂ ਰੂਪ ਵਿਚ ਸਲਾਹਿਆ ਜਾ ਸਕੇਗਾ। ਤਦੇ ਹੀ ਇਹ ਸੱਚੇ ਰੂਪ ਵਿਚ ਭਾਰਤੀ ਸਦੀ ਅਖਵਾ ਸਕੇਗੀ।

# ਕਹਾਣੀ: ਹਿੱਕ ਉੱਤੇ ਬਲਦਾ ਦੀਵਾ

ਜਗਦੀਸ਼ ਕੌਰ ਮਾਨ

‘‘ਤੂੰ ਤਾਂ ਯਾਰ! ਊਂ ਈਂ ਬੁੜ੍ਹੀਆਂ ਵਾਂਗੂ ਬੂਹਕਣ ਡਹਿ ਪਿਐਂ, ਕੋਈ ਬੰਦਿਆਂ ਵਾਲੀ ਗੱਲ ਕਰ।’’ ਚਾਚੇ ਦੇ ਗਲ ਲੱਗ ਕੇ ਰੋਂਦੇ ਸੁੱਚੇ ਨੂੰ ਨਾਲ ਆਏ ਬੰਦਿਆਂ ਵਿੱਚੋਂ ਇੱਕ ਜਣੇ ਨੇ ਬੜੀ ਮੁਸ਼ਕਲ ਨਾਲ ਫੜ ਕੇ ਅਲੱਗ ਕੀਤਾ।

ਆਪਣੀਆਂ ਅੱਖਾਂ ਵਿੱਚ ਆਏ ਅੱਥਰੂ ਪੂੰਝਦਾ ਹੋਇਆ ਉਹ ਘਗਿਆਈ ਆਵਾਜ਼ ਵਿੱਚ ਕਹਿਣ ਲੱਗਾ, ‘‘ਲੈ! ਐਂ ਕਿੱਥੇ ਜਰਿਆ ਜਾਂਦੈ, ਕਿਤੇ ਖੇਡ ਐ ਆਪਣਿਆਂ ਨੂੰ ਇਉਂ ਰੁਲਦੇ ਦੇਖਣਾ, ਹਾਏ! ਉਏ ਚਾਚਾ! ਤੂੰ ਮੈਨੂੰ ਉਡੀਕ ਲੈਂਦਾ, ਤੈਨੂੰ ਚੰਗਾ ਭਲਾ ਪਤਾ ਸੀ ਬਈ ਮੈਂ ਸਹੁਰਿਆਂ ਨੂੰ ਗਿਆ ਹੋਇਆ ਸੀ ਕਈ ਦਿਨਾਂ ਦਾ, ਮੈਨੂੰ ਕਿਸੇ ਗੱਲ ਦਾ ਵੀ ਨ੍ਹੀਂ ਪਤਾ, ਤੁਸੀਂ ਮੇਰੇ ਪਿੱਛੋਂ ਆਹ ਕੀ ਨਵਾਂ ਏ ਚੰਦ ਚਾੜ੍ਹ ’ਤਾ, ਬਹੁਤ ਮਾੜਾ ਕੰਮ ਕੀਤਾ ਤੁਸੀਂ ਸਾਰਿਆਂ ਨੇ ਰਲ ਮਿਲ ਕੇ, ਘਰਾਂ ਵਿੱਚ ਤਾਂ ਵੀਹ ਵਾਰੀ ਲੜਾਈ ਝਗੜੇ ਹੁੰਦੇ ਨੇ, ਇਉਂ ਕਿਤੇ ਸੱਚੀਉਂ ਈਂ ਘਰ ਛੱਡ ਕੇ ਭੱਜ ਆਈਦਾ ਹੁੰਦਾ?’’ ਉਹ ਸਿਰ ਮਾਰਦਾ ਹੋਇਆ ਬੋਲੀ ਜਾ ਰਿਹਾ ਸੀ। ‘‘ਬੱਸ ਮੈਨੂੰ ਨ੍ਹੀਂ ਪਤਾ, ਮੈਂ ਨ੍ਹੀਂ ਸੁਣਨੀ ਤੇਰੀ ਕੋਈ ਗੱਲ, ਮੈਂ ਤਾਂ ਆਇਆਂ ਥੋਨੂੰ ਲੈਣ ਵਾਸਤੇ, ਜਿਵੇਂ ਪਿੰਡੋਂ ਸਾਮਾਨ ਲੈ ਕੇ ਆਇਆ ਸੀ ਨਾ, ਉਵੇਂ ਈਂ ਪਾ ਗੱਡੇ ਵਿੱਚ ਸਾਮਾਨ ਤੇ ਤੁਰ ਪਾ ਮੇਰੇ ਨਾਲ ਭਲਾਮਾਣਸ ਬਣ ਕੇ। ਅਸੀਂ ਦੇਖ ਏਧਰ, ਏਨੇ ਬੰਦੇ ਤੈਨੂੰ ਲੈਣ ਆਏ ਆਂ, ਰੱਬ ਦੇ ਵਾਸਤੇ ਨਾਂਹ ਨਾ ਕਰੀਂ, ਮੇਰੀ ਇੱਜ਼ਤ ਦਾ ਸਵਾਲ ਐ।" ਹੱਥ ਜੋੜਦਿਆਂ ਉਸ ਨੇ ਨਾਲ ਆਏ ਬੰਦਿਆਂ ਵੱਲ ਇਸ਼ਾਰਾ ਕਰ ਕੇ ਕਿਹਾ।

ਥਾਲੀ ਵਿੱਚ ਪਾਣੀ ਦੇ ਚਾਰ ਪੰਜ ਗਲਾਸ ਰੱਖ ਕੇ ਪਾਲਾ ਸਿੰਘ ਦੇ ਘਰਵਾਲੀ ਇੰਦਰ ਕੁਰ ਵੀ ਰਸੋਈ ਵਿੱਚੋਂ ਬਾਹਰ ਆ ਗਈ ਸੀ।‘‘ਚਾਚੀ ਮੱਥਾ ਟੇਕਦਾਂ।’’ ਸੁੱਚੇ ਨੇ ਮਾੜਾ ਜਿਹਾ ਝੁਕ ਕੇ ਚਾਚੀ ਨੂੰ ਪੈਰੀਂ ਪੈਣਾ ਕੀਤਾ, ਜਿਸ ਵਿੱਚ ਸਤਿਕਾਰ ਘੱਟ ਤੇ ਵਿਖਾਵਾ ਬਹੁਤਾ ਸੀ।

‘‘ਦੇਖ ਲੈ ਚਾਚੀ! ਚਾਚੇ ਨੇ ਕੀ ਕਰ ’ਤਾ! ਨਾ ਤੂੰ ਤਾਂ ਏਨੀ ਸਿਆਣੀ, ਦਾਨੀ ਸਾਨੀ ਬੁੜ੍ਹੀ, ਤੂੰ ਕਾਹਤੋਂ ਨਾ ਹਟਾਇਆ ਇਹਨੂੰ? ਤੁਸੀਂ ਸਾਰੇ ਈ ਕਮਲੇ ਹੋ ’ਗੇ ਸੀ?’’ ਸੁੱਚੇ ਨੇ ਮੇਰ ਜਿਹੀ ਦਿਖਾਉਂਦਿਆਂ ਚਾਚੀ ਨੂੰ ਉਲਾਂਭਾ ਦਿੱਤਾ।

‘‘ਸੁੱਚਿਆ! ਤੂੰ ਕਿਹੜਾ ਨਿਆਣਾ ਏਂ, ਵਿਆਹਿਆ ਵਰਿਆ ਏਂ, ਤਿੰਨ ਨਿਆਣਿਆਂ ਦਾ ਪਿਉ ਏਂ, ਤੂੰ ਕਦੇ ਦੇਖਿਆ ਈ ਹੋਊ ਜਦੋਂ ਆਪਾਂ ਘਰ ਦੀ ਸਫਾਈ ਕਰਨ ਲੱਗੇ ਚਾਰ ਕੁ ਤੀਲੇ ਜੋੜ ਕੇ ਬਣਾਇਆ ਚਿੜੀ ਦਾ ਆਲ੍ਹਣਾ ਡੇਗ ਦੇਈਏ ਉਹ ਕਿਮੇਂ ਚੀਕ ਚਿਹਾੜਾ ਪਾਉਂਦੀਐ, ਕੁਰਲਾਹਟ ਪਾਉਂਦੀ ਛੱਤਣ ਸਿਰ ਉੱਤੇ ਚੁੱਕ ਲੈਂਦੀ ਐ, ਸਰਫੇ ਕਰ ਕਰ ਬੰਨ੍ਹੇ ਉਸਾਰੇ ਘਰ ਛੱਡਣੇ ਕਿਤੇ ਖੇਲ ਪਏ ਨੇ! ਅੱਕਿਆ ਬੰਦਾ ਉਦੋਂ ਈ ਕੌੜਾ ਅੱਕ ਚੱਬਦੈ ਜਦੋਂ ਪਾਣੀ ਜਮ੍ਹਾਂ ਈ ਸਿਰ ਤੋਂ ਲੰਘ ਜਾਵੇ, ਜਦੋਂ ਬਰਦਾਸ਼ਤ ਕਰਨ ਦੀ ਸ਼ਕਤੀ ਜਮ੍ਹਾ ਈਂ ਜਵਾਬ ਦੇ ਜਾਵੇ, ਨਾਲੇ ਤੈਨੂੰ ਕਿਹੜਾ ਭੁੱਲੀ ਹੋਈ ਆਂ, ਤੂੰ ਤੇ ਤੇਰੇ ਘਰਵਾਲੀ ਤਾਂ ਸਾਡੇ ਨਾਲ ਹੁੰਦੇ ਲੜਾਈ ਝਗੜੇ ਵਿੱਚ ਖੁਦ ਮੋਹਰੀ ਹੁੰਦੇ ਸੀ, ਤੂੰ ਆ ਗਿਆਂ ਸੱਚਾ ਹੋਣ।’’

ਪਿੰਡ ਦੇ ਬੰਦਿਆਂ ਸਾਹਮਣੇ ਇੰਦਰ ਕੁਰ ਨੇ ਉਸ ਦੇ ਕੰਘੇ ਵਾਲੀ ਥਾਂ ਉੱਤੇ ਟਿਕਾ ਦਿੱਤੀਆਂ। ਇਸ ਲਾਹ ਪਾਹ ਦੀ ਉਸ ਨੂੰ ਆਸ ਨਹੀਂ ਸੀ। ਉਹ ਖਿਝ ਕੇ ਬੋਲਿਆ, ‘‘ਤੂੰ ਚਾਚੀ! ਚੱਲ ਅੰਦਰ, ਸਾਨੂੰ ਬੰਦਿਆਂ ਨੂੰ ਗੱਲ ਕਰ ਲੈਣ ਦੇ।’’

ਹਰਨਾਮ ਸਿੰਘ ਹੋਰੀਂ ਤਿੰਨ ਭਰਾ ਸਨ। ਹਰਨਾਮਾ ਸਭ ਤੋਂ ਵੱਡਾ ਸੀ। ਪਾਲਾ ਸਿੰਘ ਵਿਚਕਾਰਲਾ ਤੇ ਸਭ ਤੋਂ ਛੋਟਾ ਠਾਕਰ ਸਿੰਘ। ਪਾਲਾ ਸਿੰਘ ਤੇ ਠਾਕਰ ਸਿੰਘ ਜਿੰਨੇ ਸਾਊ ਸਨ, ਵੱਡਾ ਭਰਾ ਹਰਨਾਮਾ ਓਨਾ ਹੀ ਖਾਂਟ ਬੰਦਾ ਸੀ। ਬਿਨਾਂ ਗੱਲ ਤੋਂ ਹੀ ਦੂਜੇ ਦੇ ਟੁੱਟ ਕੇ ਗਲ ਪੈਣ ਵਾਲਾ ਅਤੇ ਉਸ ਦੇ ਘਰਵਾਲੀ ਕਰਮੋ ਉਸ ਤੋਂ ਵੀ ਚਾਰ ਰੱਤੀਆਂ ਉੱਤੋਂ ਦੀ ਸੀ। ਲੜਨ ਲੱਗੀ ਤਾਂ ਉਹ ਭਰਿੰਡਾਂ ਦੀ ਖੱਖਰ ਨੂੰ ਮਾਤ ਪਾਉਂਦੀ ਸੀ। ਪਾਲਾ ਸਿੰਘ ਦੇ ਘਰਵਾਲੀ ਇੰਦਰ ਕੁਰ ਤਾਂ ਸ਼ੁਰੂ ਤੋਂ ਹੀ ਉਸ ਦੀ ਅੱਖ ਦਾ ਕਸੀਰ ਸੀ, ਕਿਉਂਕਿ ਉਨ੍ਹਾਂ ਦੇ ਘਰ ਮੁੰਡਾ ਨਹੀਂ ਸੀ ਹੋਇਆ। ਤਿੰਨ ਕੁੜੀਆਂ ਹੀ ਸਨ। ਉਹ ਆਨੀਂ ਬਹਾਨੀ ਇੰਦਰ ਕੁਰ ਨਾਲ ਆਢਾ ਲਾਈ ਰੱਖਦੀ। ਧੀ ਦੀ ਗਾਲ ਕੱਢਣ ਲੱਗੀ ਉਹ ਮਿੰਟ ਨਾ ਲਾਉਂਦੀ। ਕੁੜੀਆਂ ਦੇ ਮਿਹਣੇ ਦਿੰਦੀ ਉਹ ਵਿਚਾਰੀਆਂ ਜਵਾਕੜੀਆਂ ਦੇ ਚਾਲ ਚੱਲਣ ਬਾਰੇ ਕਿੰਨਾ ਕੁਝ ਮੰਦਾ ਚੰਗਾ ਬੋਲ ਜਾਂਦੀ। ਕਦੇ ਉਨ੍ਹਾਂ ਦੇ ਪਾਣੀ ਵਾਲੇ ਘੜੇ ਭੰਨ ਦਿੰਦੀ, ਕਦੇ ਦਾਲ ਵਾਲੀ ਤੌੜੀ ਰੋੜਾ ਮਾਰ ਕੇ ਤੋੜ ਦਿੰਦੀ। ਤਾਰ ਉੱਤੇ ਸੁੱਕਣੇ ਪਾਏ ਲੀੜੇ ਚੋਰੀ ਲਾਹ ਕੇ ਲੈ ਜਾਂਦੀ। ਉਸ ਦਾ ਮਕਸਦ ਚੱਤੋਂ ਪਹਿਰ ਕੰਗ ਖੜ੍ਹੀ ਰੱਖਣਾ ਸੀ ਤਾਂ ਕਿ ਉਹ ਅੱਕੇ ਹੋਏ ਘਰ ਛੱਡ ਕੇ ਕਿਤੇ ਚਲੇ ਜਾਣ ਤੇ ਸ਼ਰੀਕਾਂ ਨੂੰ ਉਜਾੜ ਕੇ ਵਿਹੜਾ ਮੋਕਲਾ ਹੋ ਜਾਵੇ। ਇੰਦਰ ਕੁਰ ਉਸ ਤੋਂ ਡਰ-ਡਰ ਕੇ ਰਹਿੰਦੀ ਸੀ ਕਿ ਤਾਈ ਇਨ੍ਹਾਂ ਦੀ ਕੋਈ ਗੱਲ ਨਾ ਬਣਾ ਦੇਵੇ। ਇੱਕ ਦਿਨ ਤਾਂ ਉਸ ਨੇ ਅੱਤ ਹੀ ਚੁੱਕ ਲਈ ਅਖੇ, ‘‘ਲੈ! ਵਿਆਹ ਮੰਗਣੇ ਇਨ੍ਹਾਂ ਦੇ ਮੈਂ ਵੀ ਨ੍ਹੀਂ ਕਿਤੇ ਹੋਣ ਦੇਣੇ, ਤੂੰ ਲਾ ਲਵੀਂ ਜਿੰਨਾ ਜ਼ੋਰ ਮਰਜ਼ੀ।’’

ਉਸ ਦਿਨ ਇੰਦਰ ਕੁਰ ਬਹੁਤਾ ਹੀ ਡਰ ਗਈ। ਉਸ ਦੇ ਘਰਵਾਲਾ ਪਾਲਾ ਸਿੰਘ ਸ਼ਹਿਰ ਦੁਕਾਨ ਵਾਸਤੇ ਸੌਦਾ ਲੈਣ ਗਿਆ ਹੋਇਆ ਸੀ। ਉਸ ਨੂੰ ਦਿਨ ਨਹੀਂ ਸੀ ਨਿੱਬੜ ਰਿਹਾ ਕਿ ਕਦੋਂ ਘਰਵਾਲਾ ਘਰੇ ਆਵੇ ਤੇ ਕਦੋਂ ਉਹ ਇੱਥੋਂ ਤੁਰ ਜਾਣ ਦੀ ਵਿਉਂਤ ਬਣਾਉਣ। ਨਿੱਤ ਦੇ ਕਲੇਸ਼ ਤੋਂ ਉਹ ਅੱਕੀ ਪਈ ਸੀ। ਉਨ੍ਹਾਂ ਨੇ ਆਪਣੇ ਵੱਲੋਂ ਪਿੰਡ ਛੱਡਣ ਦੀ ਕਿਸੇ ਨੂੰ ਭਾਫ ਵੀ ਨਹੀਂ ਸੀ ਲੱਗਣ ਦਿੱਤੀ, ਫੇਰ ਵੀ ਪਤਾ ਨਹੀਂ ਕਿਵੇਂ ਉਨ੍ਹਾਂ ਦੀ ਇਹ ਗੁਪਤ ਸਕੀਮ ਘਰ ਦੀਆਂ ਕੰਧਾਂ ਟੱਪ ਕੇ ਬਾਹਰ ਨਿਕਲ ਗਈ ਸੀ। ਸੁੱਚਾ ਜਾਣਬੁੱਝ ਕੇ ਬਹੂ ਨੂੰ ਲੈ ਕੇ ਸਹੁਰਿਆਂ ਦੇ ਖਿਸਕ ਗਿਆ। ਉਹ ਕਈ ਦਿਨ ਨਹੀਂ ਸੀ ਮੁੜਿਆ। ਪਾਲਾ ਸਿੰਘ ਮੂੰਹ ਹਨੇਰੇ ਕਿਰਾਏ ਦਾ ਮਕਾਨ ਲੱਭਣ ਵਾਸਤੇ ਘਰੋਂ ਨਿਕਲ ਜਾਂਦਾ ਕਿ ਸ਼ਹਿਰ ਕੋਈ ਖਾਲੀ ਮਕਾਨ ਸਸਤੇ ਜਿਹੇ ਕਿਰਾਏ ਉੱਤੇ ਮਿਲ ਜਾਵੇ। ਅਖੀਰ ਉਸ ਨੂੰ ਸੰਘਣੀ ਆਬਾਦੀ ਵਾਲੇ ਇੱਕ ਮੁਹੱਲੇ ਵਿਚ ਮਕਾਨ ਮਿਲ ਗਿਆ। ਮਕਾਨ ਭਾਵੇਂ ਛੋਟਾ ਸੀ ਫਿਰ ਵੀ ਉਨ੍ਹਾਂ ਦੀ ਛੋਟੀ ਜਿਹੀ ਟੱਬਰੀ ਦੇ ਗੁਜ਼ਾਰੇ ਜੋਗਾ ਬਹੁਤ ਸੀ।

ਸੁੱਚੇ ਦੀ ਮਾਂ ਕਰਮੋ ਨੇ ਕਿਸੇ ਹੱਥ ਸੁਨੇਹਾ ਭੇਜ ਕੇ ਉਨ੍ਹਾਂ ਦੇ ਚਲੇ ਜਾਣ ਦੀ ਸੂਚਨਾ ਉਸ ਤਾਈਂ ਸਹੁਰੀਂ ਪੁੱਜਦੀ ਕਰ ਦਿੱਤੀ ਤੇ ਉਹ ਪਤਾ ਲੱਗਣ ਸਾਰ ਉਦੋਂ ਹੀ ਪਿੰਡ ਪਹੁੰਚ ਗਿਆ। ਉਸ ਨੇ ਆਉਂਦੇ ਨੇ ਲੋਕ ਦਿਖਾਵੇ ਵਾਸਤੇ ਮਾਂ ਨਾਲ ਝੂਠੀ ਮੂਠੀ ਲੜਨਾ ਸ਼ੁਰੂ ਕਰ ਦਿੱਤਾ ਕਿ ਤੂੰ ਉਨ੍ਹਾਂ ਨਾਲ ਲੜਦੀ ਸੀ ਤਾਹੀਓਂ ਉਹ ਅੱਕੇ ਹੋਏ ਘਰ ਛੱਡ ਕੇ ਚਲੇ ਗਏ। ਉਹਨੇ ਉੱਚੀ-ਉੱਚੀ ਬੋਲ ਕੇ ਸਾਰਾ ਗਲੀ ਗੁਆਂਢ ਇਕੱਠਾ ਕਰ ਲਿਆ ਕਿ ਮੈਂ ਚੱਲਿਐਂ ਉਨ੍ਹਾਂ ਨੂੰ ਪਿੰਡ ਵਾਪਸ ਲਿਆਉਣ ਵਾਸਤੇ ਸਗੋਂ ਉਸ ਨੇ ਆਪਣੀ ਜੁੰਡਲੀ ਦੇ ਦੋ ਚਾਰ ਬੰਦੇ ਵੀ ਨਾਲ ਲੈ ਲਏ ਜਿਨ੍ਹਾਂ ਨੂੰ ਉਸ ਦੀ ਸ਼ੋਸ਼ੇਬਾਜ਼ੀ ਦਾ ਪਹਿਲਾਂ ਭੇਤ ਸੀ।

ਸ਼ਹਿਰ ਭਾਵੇਂ ਛੋਟਾ ਹੋਵੇ, ਪਰ ਬਿਨਾਂ ਸਿਰਨਾਵੇਂ ਤੋਂ ਸ਼ਹਿਰ ਵਿੱਚ ਕਿਸੇ ਦਾ ਘਰ ਲੱਭਣਾ ਖਾਲਾ ਜੀ ਦਾ ਵਾੜਾ ਨਹੀਂ ਹੁੰਦਾ। ਦੁਪਹਿਰ ਤੱਕ ਉਹ ਐਵੇਂ ਕਮਲਿਆਂ ਵਾਂਗ ਗਲੀ ਗਲੀ ਘੁੰਮਦੇ ਰਹੇ ਤੇ ਅਖੀਰ ਇੱਕ ਘਰ ਦੇ ਖੁੱਲ੍ਹੇ ਬੂਹੇਤੋਂ ਅੰਦਰ ਝਾਕਿਆ, ਉਨ੍ਹਾਂ ਨੂੰ ਇੱਕ ਬਜ਼ੁਰਗ ਮੰਜੇ ਉੱਤੇ ਬੈਠਾ ਕੇਸ ਵਾਹੁੰਦਾ ਦਿੱਸ ਪਿਆ। ਮਾੜਾ ਜਿਹਾ ਪੈਰ ਮਲਦਿਆਂ ਸੁੱਚੇ ਨੇ ਗਹੁ ਨਾਲ ਤੱਕਿਆ ਤਾਂ ਉਹ ਪਾਲਾ ਸਿੰਘ ਸੀ। ‘‘ਲੈ! ਔਹ ਬੈਠਾ ਚਾਚਾ! ਲੋੜ ਤੋਂ ਵੱਧ ਹੇਜ ਦਿਖਾਉਂਦਾ ਸੁੱਚਾ ਦਬਾ ਦਬ ਅੰਦਰ ਲੰਘ ਗਿਆ ਤੇ ਚਾਚੇ ਦੇ ਗਲ ਲੱਗ ਕੇ ਬੱਚਿਆਂ ਵਾਂਗ ਉੱਚੀ-ਉੱਚੀ ਰੋਣ ਲੱਗ ਪਿਆ। ਉਸ ਨੂੰ ਚੇਤਾ ਭੁੱਲ ਗਿਆ ਕਿ ਉਸ ਦੇ ਨਾਲ ਹੋਰ ਬੰਦੇ ਵੀ ਆਏ ਹਨ। ਉਹ ਕੱਚੇ ਜਿਹੇ ਹੁੰਦੇ ਆਪੇ ਅੰਦਰ ਲੰਘ ਆਏ। ਸੁੱਚੇ ਨੇ ਇੱਕੋ ਹੀ ਰਟ ਲਾਈ ਰੱਖੀ ਕਿ ਅਸੀਂ ਤੁਹਾਨੂੰ ਵਾਪਸ ਲੈਣ ਵਾਸਤੇ ਆਏ ਹਾਂ। ਪਾਲਾ ਸਿੰਘ ਬੈਠਾ ਸੋਚੀ ਜਾ ਰਿਹਾ ਸੀ ਕਿ ਆਹ ਬੰਦੇ ਜਿਹੜੇ ਇਹਦੇ ਨਾਲ ਆਏ ਨੇ, ਇਹ ਕਿਉਂ ਨਹੀਂ ਕੁਸ਼ ਬੋਲਦੇ? ਇਹ ਕਾਹਤੋਂ ਗੂੰਗੇ ਜਿਹੇ ਬਣੇ ਬੈਠੇ ਹਨ?’’

ਚਾਚੇ ਭਤੀਜੇ ਵਿੱਚ ਕਿੰਨਾ ਚਿਰ ਬਹਿਸ ਹੁੰਦੀ ਰਹੀ। ਪਾਲਾ ਸਿੰਘ ਦਾ ਮਨ ਏਨਾ ਖੱਟਾ ਹੋ ਚੁੱਕਾ ਸੀ ਕਿ ਉਸ ਦਾ ਤਾਂ ਪਿੰਡ ਦਾ ਨਾਂਅ ਸੁਣਨ ਨੂੰ ਜੀਅ ਨਹੀਂ ਸੀ ਕਰਦਾ। ਫਿਰ ਉਸ ਨੇ ਦੋ ਟੁੱਕ ਫੈਸਲਾ ਸੁਣਾ ਦਿੱਤਾ, ‘‘ਨਹੀਂ ਬਈ ਕਾਕਾ! ਜਦੋਂ ਦੁੱਧ ਫਟ ਕੇ ਕੇਰਾਂ ਉਹਦੇ ਫੁੱਟ ਬਣ ਜਾਣ ਨਾ, ਫੇਰ ਨ੍ਹੀਂ ਉਹ ਮੁੜ ਕੇ ਦੁੱਧ ਬਣਦਾ ਹੁੰਦਾ ਤੇ ਇਹੀ ਗੱਲ ਮਨ ਉੱਤੇ ਵੀ ਢੁੱਕਦੀ ਏ। ਵਾਪਸ ਪਿੰਡ ਜਾਣ ਤਾਂ ਸਵਾਲ ਹੀ ਪੈਦਾ ਨਹੀਂ ਹੁੰਦਾ।’’

‘‘ਚੰਗਾ ਚਾਚਾ!’’ ਸੁੱਚੇ ਨੇ ਇੱਕ ਮੋਮਠਗਣਾ ਹਉਕਾ ਭਰਿਆ, ‘‘ਮੈਂ ਬੜੇ ਮਾਣ ਨਾਲ ਪੰਚੈਤ ਲੈ ਕੇ ਆਇਆ ਸੀ ਤੈਨੂੰ ਲੈਣ, ਚੱਲ ਜੇ ਤੂੰ ਇਉਂ ਈਂ ਮਿਥ ਲਿਐ ਬਈ ਪਿੰਡ ਵਾਪਸ ਨਹੀਂ ਜਾਣਾ ਤਾਂ ਆਪਾਂ ਕੋਈ ਹੋਰ ਸਕੀਮ ਸੋਚ ਲੈਨੇ ਆਂ, ਫੇਰ ਜੇ ਤੂੰ ਬੁਰਾ ਨਾ ਮੰਨਾਵੇ ਤਾਂ ਆਪਾਂ ਇਉਂ ਕਰ ਲੈਨੇ ਆਂ ਬਈ ਤੇਰੇ ਵਾਲਾ ਘਰ ਮੈਂ ਖਰੀਦ ਲੈਂਦਾ ਹਾਂ, ਬੋਲ ਗੱਲ ਕਰ ਕਿੰਨੇ ਵਿੱਚ ਸੌਦਾ ਕਰਨਾ ਏ?’’ ਗੱਲ ਪੂਰੀ ਕਰ ਕੇ ਉਹ ਚਾਚੇ ਦੇ ਚਿਹਰੇ ਦੇ ਹਾਵ-ਭਾਵ ਪੜ੍ਹਨ ਲੱਗ ਪਿਆ ਸੀ।

ਨਾਲ ਆਏ ਬੰਦਿਆਂ ਦੇ ਬੁੱਲ੍ਹਾਂ ਉੱਤੇ ਲੱਗਿਆ ਕਰਫਿਊ ਵੀ ਖੁੱਲ੍ਹ ਗਿਆ। ‘‘ਆਹੋ ਜੀ! ਗੱਲ ਤਾਂ ਮੁੰਡੇ ਦੀ ਠੀਕ ਐ, ਸੁੰਨੇ ਪਏ ਘਰ ਤਾਂ ਊਂ ਈਂ ਉਧਰ ਜਾਂਦੇ ਆ, ਘਰ ਵੱਸਦੇ-ਰਸਦੇ ਈ ਸੋਹਣੇ ਲੱਗਦੇ ਨੇ, ਫੇਰ ਉਵੇਂ ਈਂ ਕਰ ਲੋ ਜਿਵੇਂ ਇਹ ਕਹਿੰਦੈ।’’ ਬਾਘੇ ਕੇ ਮੱਘਰ ਨੇ ਸੁੱਚੇ ਦਾ ਪੱਖ ਪੂਰਨ ਵਾਲੀ ਗੱਲ ਕੀਤੀ।

‘‘ਆਹੋ ਕਰ ਲੋ ਫੇਰ ਅੱਜ ਈ ਜਿਵੇਂ ਕਰਨੈ, ਨਿੱਤ-ਨਿੱਤ ਕਿੱਥੇ ’ਕੱਠੇ ਹੋਇਆ ਜਾਂਦੈ, ਸਬੱਬ ਨਾਲ ਆਪਾਂ ਸਾਰੇ ਈ ਹਾਜ਼ਰ ਆਂ।’’ ਨਘੋਚੀਆਂ ਦੇ ਰੁਲਦੂ ਨੇ ਵੀ ਧਾਈ ’ਤੇ ਧਾਈ ਪਾ ਦਿੱਤੀ ਸੀ, ਪਰ ਚੰਨਣ ਅਮਲੀ ਚੁੱਪ ਬੈਠਾ ਰਿਹਾ।

ਪਾਲਾ ਸਿੰਘ ਨੂੰ ਸਾਰੀ ਚਲਿੱਤਰਬਾਜ਼ੀ ਸਮਝ ਆ ਗਈ। ਉਹਲੇ ਛਿਪੇ ਵਾਲੀ ਕੋਈ ਗੱਲ ਰਹਿ ਨਹੀਂ ਗਈ। ਪਹਿਲਾਂ ਤਾਂ ਨਿੰਮੋਝੂਣਾ ਜਿਹਾ ਹੋ ਕੇ ਬੈਠਾ ਸੋਚਦਾ ਰਿਹਾ ਬਈ ਇਹ ਕਰੀ ਕੀ ਜਾਂਦੇ ਨੇ, ਦੂਜੇ ਨੂੰ ਇਹ ਬੰਦਾ ਈ ਨ੍ਹੀਂ ਸਮਝਦੇ ਵੱਡੇ ਚਤਰੇ, ਫਿਰ ਉਸ ਵਿੱਚ ਪਤਾ ਨਹੀਂ ਕਿੱਥੋਂ ਏਨਾ ਜੇਰਾ ਤੇ ਜੋਸ਼ ਆ ਗਿਆ। ਉਹ ਉਚੀ-ਉਚੀ ਬੋਲਣ ਲੱਗ ਪਿਆ, ‘‘ਅੱਛਾ! ਸੁੱਚਿਆ!! ਫੇਰ ਤੂੰ ਏਸ ਕੰਮ ਆਇਆ ਸੀ ਮੇਰੇ ਕੋਲ, ਮੈਨੂੰ ਨ੍ਹੀਂ ਸੀ ਪਤਾ ਵਿਚਲੀ ਗੱਲ ਦਾ, ਨਾ ਤੂੰ ਇਉਂ ਦੱਸ ਫੇਰ! ਬਈ ਆਹ ਮਗਰਮੱਛ ਵਾਲੇ ਹੰਝੂ ਵਹਾ ਕੇ ਐਡਾ ਡਰਾਮਾ ਕਰਨ ਦੀ ਕੀ ਜ਼ਰੂਰਤ ਸੀ? ਤੂੰ ਮੈਨੂੰ ਸਿੱਧਾ ਈ ਦੱਸ ਦਿੰਦਾ ਬਈ ਮੈਂ ਤਾਂ ਭਾਈ ਚਾਚਾ! ਤੇਰੇ ਕੋਲ ਸ਼ਰੀਕ ਵਪਾਰੀ ਬਣ ਕੇ ਆਇਆਂ, ਸ਼ਾਬਾਸ਼ੇ ਤੇਰੇ ਸੁੱਚਿਆ! ਤੂੰ ਮੇਰੀਆਂ ਧੀਆਂ ਨੂੰ ਕੁੜੀਆਂ ਕਿਮੇਂ ਸਮਝ ਲਿਆ? ਓਏ! ਮੇਰੇ ਇਹ ਪੁੱਤ ਨੇ ਪੁੱਤ! ਜਦੋਂ ਮੈਂ ਇਨ੍ਹਾਂ ਨੂੰ ਵਿਆਹੂੰਗਾ, ਉਦੋਂ ਮੈਂ ਤਿੰਨ ਪੁੱਤਾਂ ਵਾਲਾ ਬਣ ਜਾਊਂਗਾ, ਤੂੰ ਮੈਨੂੰ ਔਂਤ ਕਿਸ ਪਾਸਿਓਂ ਸਮਝ ਲਿਆ ਓਏ? ਲੈ ਸੁਣ ਲੈ, ਤੂੰ ਵੀ ਕੰਨ ਖੋਲ੍ਹ ਕੇ, ਤਿੰਨਾਂ ਵਿੱਚੋਂ ਇੱਕ ਨੂੰ ਘਰ ਜਵਾਈ ਰੱਖ ਕੇ ਉਥੇ ਈ ਥੋਡੀ ਹਿੱਕ ਉੱਤੇ ਦੀਵਾ ਬਾਲੂੰ, ਵੱਡਾ ਆਇਐ ਸੇਠ, ਮੇਰਾ ਮਕਾਨ ਖਰੀਦਣ ਵਾਲਾ, ਹੇਖਾਂ ਹੈ ਇਹਨੂੰ ਸ਼ਰਮ ਦਾ ਘਾਟਾ!’’

ਸੁੱਚੇ ਹੋਰੀਂ ਤਾਂ ਉਥੋਂ ਕਦੋਂ ਦੇ ਖਿਸਕ ਗਏ ਸਨ, ਪਰ ਜੋਸ਼ ਵਿੱਚ ਆਇਆ ਪਾਲਾ ਸਿੰਹੁ ਅਜੇ ਵੀ ਉੱਚੀ-ਉੱਚੀ ਬੋਲੀ ਜਾ ਰਿਹਾ ਸੀ।

## ਘਪਲੇ




ਘਪਲੇ ਕਰਨ ਹੈਰਾਨ ਓ ਰੱਬਾ।
ਮੇਰਾ ਭਾਰਤ ਮਹਾਨ ਓ ਰੱਬਾ।

ਰੇਤਾ ਖਾ ਗਏ ਬਜਰੀ ਖਾ ਗਏ।
ਬਾਕੀ ਸਭ ਵੀ ਗਹਿਣੇ ਪਾ ਗਏ।
ਇਹ ਲੋਕੀ ਬੜੇ ਸ਼ੈਤਾਨ ਓ ਰੱਬਾ।
ਘਪਲੇ ਕਰਨ ਹੈਰਾਨ ਓ ਰੱਬਾ।

ਸੜਕਾਂ ਉੱਤੇ ਲੁੱਕ ਨਾ ਪਾਉਂਦੇ।
ਐਵੇਂ ਵਾਧੂ ਟੈਕਸ ਵਧਾਉਂਦੇ।
ਨੇਤਾ ਕਈ ਬੇਈਮਾਨ ਓ ਰੱਬਾ।
ਘਪਲੇ ਕਰਨ ਹੈਰਾਨ ਓ ਰੱਬਾ।

ਕੀੜੇਮਾਰ ਦਵਾਈਆਂ ਨਕਲੀ।
ਬੀਜ ਤੇ ਖਾਦਾਂ ਵੀ ਨਾ ਅਸਲੀ।
ਵੇਚਣ ਵੀ ਨਾਲ ਸ਼ਾਨ ਓ ਰੱਬਾ।
ਘਪਲੇ ਕਰਨ ਹੈਰਾਨ ਓ ਰੱਬਾ।

ਨਕਲੀ ਸੀਮੈਂਟ ਪੁਲ਼ਾਂ ਤੇ ਲਾਉਂਦੇ।
ਥੋੜ੍ਹਾ ਪਾਉਂਦੇ ਵੱਧ ਦਿਖਾਉਂਦੇ।
ਲੁੱਟਣ ਵੱਲ ਧਿਆਨ ਓ ਰੱਬਾ।
ਘਪਲੇ ਕਰਨ ਹੈਰਾਨ ਓ ਰੱਬਾ।

ਲੁੱਟ ਕੇ ਇਹ ਖਜ਼ਾਨਾ ਖਾ ਗਏ।
ਮੂਲ ਸਣੇ ਬਿਆਨਾ ਖਾ ਗਏ।
ਕਿਹੋ ਜਿਹੇ ਇਨਸਾਨ ਓ ਰੱਬਾ।
ਘਪਲੇ ਕਰਨ ਹੈਰਾਨ ਓ ਰੱਬਾ।

ਪੈਸਾ ਖਾ ਗਏ ਕਈ ਖੱਡਾਂ ਚੋਂ।
ਕੱਢ ਲੈਣਗੇ ਹੁਣ ਹੱਡਾਂ ਚੋਂ।
ਲਾ ਲੈਣ ਭਾਵੇਂ ਤਾਣ ਓ ਰੱਬਾ।
ਘਪਲੇ ਕਰਨ ਹੈਰਾਨ ਓ ਰੱਬਾ।

ਸ਼ਰਮ ਦਾ ਘਾਟਾ ਪੰਜ ਪੈਨਸ਼ਨਾਂ।
ਗਰੀਬ ਵਿਚਾਰਾ ਵਿੱਚ ਟੈਨਸ਼ਨਾਂ।
ਕਰੀਏ ਦੁੱਖ ਬਿਆਨ ਓ ਰੱਬਾ।
ਘਪਲੇ ਕਰਨ ਹੈਰਾਨ ਓ ਰੱਬਾ।

ਕਰਜ਼ੇ ਹੇਠ ਕਿਸਾਨ ਹੋ ਗਿਆ।
ਗਲ ਵਿੱਚ ਰੱਸਾ ਆਮ ਹੋ ਗਿਆ।
ਮੰਜ਼ਿਲ ਬਣੀ ਸ਼ਮਸ਼ਾਨ ਓ ਰੱਬਾ।
ਘਪਲੇ ਕਰਨ ਹੈਰਾਨ ਓ ਰੱਬਾ।

ਅਬਲਾ ਨੂੰ ਲੁੱਟ ਲੈਣ ਦਰਿੰਦੇ।
ਚੱਲਣ ਵੀ ਕੋਈ ਕੇਸ ਨਾ ਦਿੰਦੇ।
ਨਾ ਮਿਲੇ ਸਬੂਤ, ਨਿਸ਼ਾਨ ਓ ਰੱਬਾ।
ਘਪਲੇ ਕਰਨ ਹੈਰਾਨ ਓ ਰੱਬਾ।

ਰਿਸ਼ਵਤਖੋਰੀ ਆਮ ਹੋ ਗਈ।
ਘਰ ਨੋਟਾਂ ਦੀ ਦੁਕਾਨ ਹੋ ਗਈ।
ਬੋਲਣ ਝੂਠ ਤੂਫ਼ਾਨ ਓ ਰੱਬਾ।
ਘਪਲੇ ਕਰਨ ਹੈਰਾਨ ਓ ਰੱਬਾ।

ਇਹ ਵੋਟਾਂ ਵੇਲੇ ਲਾਰੇ ਲਾਉਂਦੇ।
ਮਗਰੋਂ ਕਦੇ ਨਾ ਮੂੰਹ ਦਿਖਾਉਂਦੇ।
ਰਿਹਾ ਨਾ ਦੀਨ ਈਮਾਨ ਓ ਰੱਬਾ।
ਘਪਲੇ ਕਰਨ ਹੈਰਾਨ ਓ ਰੱਬਾ।

ਦਵਾਈਆਂ ਦਾ ਹਾਲ ਵੀ ਮਾੜਾ।
ਉੱਤੋਂ ਚੜ੍ਹਿਆ ਸਾਲ ਵੀ ਮਾੜਾ।
ਕਰੋਨਾ ਕੱਢੀ ਜਾਨ ਓ ਰੱਬਾ।
ਘਪਲੇ ਕਰਨ ਹੈਰਾਨ ਓ ਰੱਬਾ।

ਹੁਣ ਤਾਂ ਸ਼ਰੇਆਮ ਹੋਏ ਇਹ।
ਤਾਂਹੀ ਸਭ ਬਦਨਾਮ ਹੋਏ ਇਹ।
ਬਣ ਬੈਠੇ ਪ੍ਰਧਾਨ ਓ ਰੱਬਾ।
ਘਪਲੇ ਕਰਨ ਹੈਰਾਨ ਓ ਰੱਬਾ।

ਉਹ ਆਪੇ ਦੇਵੇ ਮੱਤ ਇਹਨਾਂ ਨੂੰ।
ਲੁੱਟ ਦੀ ਹਟ ਜੇ ਲੱਤ ਇਹਨਾਂ ਨੂੰ।
ਰਹੀਏ ਕਿਉਂ ਪ੍ਰੇਸ਼ਾਨ ਓ ਰੱਬਾ।
ਘਪਲੇ ਕਰਨ ਹੈਰਾਨ ਓ ਰੱਬਾ।

ਲੋਕ ਸੇਵਾ ਵੀ ਕਰਨ ਬਥੇਰੇ।
ਜੀਣ ਦੇਸ਼ ਲਈ, ਮਰਨ ਬਥੇਰੇ।
‘ਹਕੀਰ’ ਜਾਈਏ ਕੁਰਬਾਨ ਓ ਰੱਬਾ।
ਘਪਲੇ ਕਰਨ ਹੈਰਾਨ ਓ ਰੱਬਾ।

## ਮੁੱਖ ਮੰਤਰੀ ਮਾਨ ਵੱਲੋਂ ਸ਼ਹੀਦ ਕਰਨੈਲ ਸਿੰਘ ਈਸੜੂ ਦੀ ਪਤਨੀ ਦਾ ਸਨਮਾਨ



ਲੁਧਿਆਣਾ, 17 ਅਗਸਤ (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਗੋਆ ਦੀ ਆਜ਼ਾਦੀ ਲਈ ਸ਼ਹੀਦ ਹੋਏ ਕਰਨੈਲ ਸਿੰਘ ਈਸੜੂ ਨੂੰ ਉਨ੍ਹਾਂ ਦੇ ਜੱਦੀ ਪਿੰਡ ਸ਼ਰਧਾਂਜਲੀ ਭੇਟ ਕੀਤੀ ਅਤੇ ਸ਼ਹੀਦ ਦੀ ਪਤਨੀ ਚਰਨਜੀਤ ਕੌਰ ਦਾ ਸਨਮਾਨਕੀਤਾ। ਇਸ ਪਿੱਛੋਂ ਮੀਡੀਆ ਨਾਲ ਗੱਲਬਾਤ ਦੌਰਾਨ ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਟੈਕਸਦਾਤਾਵਾਂ ਦੇ ਪੈਸੇ ਨੂੰ ਲੋਕਾਂ ਦੀ ਭਲਾਈ ਅਤੇ ਸਹੂਲਤਾਂ ਪ੍ਰਦਾਨ ਕਰਨ ਲਈ ਸਮਝ ਨਾਲ ਵਰਤ ਰਹੀ ਹੈ।

ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਆਜ਼ਾਦੀ ਨੂੰ ਆਮ ਘਰਾਂ ਤਕ ਲੈ ਜਾਣ ਲਈ ਜੂਝ ਰਹੀ ਹੈ, ਪਰ ਇਸ ਦੇ ਉਲਟ ਪ੍ਰਧਾਨ ਮੰਤਰੀ ਨਰਿੰ-ਦਰ ਮੋਦੀ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਸਰਕਾਰੀ ਖਜ਼ਾਨੇ ਦਾ ਸਾਰਾ ਪੈਸਾ ਦਿਨ ਦੀਵੀਂ ਆਪਣੇ ਦੋਸਤਾਂ ਤੇ ਕਰੀਬੀਆਂ ਨੂੰ ਲੁਟਾ ਰਹੀ ਹੈ। ਇੱਕ ਸਵਾਲ ਦੇ ਜਵਾਬ ਵਿੱਚ ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਸੂਬੇ ਵਿੱਚ ਫਿਰਕੂ ਸਦਭਾਵਨਾ, ਸ਼ਾਂਤੀ ਅਤੇ ਭਾਈਚਾਰਕ ਸਾਂਝ ਦੀਆਂ ਭਾਵਨਾਵਾਂ ਦੀ ਮਜ਼ਬੂਤ ਲਈ ਪਾਬੰਦ ਹੈ।ਉਨ੍ਹਾਂ ਕਿਹਾ ਕਿ ਅਗਲੇ ਮਹੀਨੇ ਪੰਜਾਬ ਦੇ 51 ਲੱਖ ਘਰਾਂ ਦਾ ਬਿਜਲੀ ਬਿੱਲ ਜ਼ੀਰੋ ਆਵੇਗਾ। ਉਨ੍ਹਾਂ ਕਿਹਾ ਕਿ ਫਰਵਰੀ 2023 ਤਕ ਸੰਤ ਅਤਰ ਸਿੰਘ ਇੰਸਟੀਚਿਊਟ ਆਫ ਸਾਇੰਸਿਜ਼ ਮਸਤੂਆਣਾ ਸਾਹਿਬ ਸ਼ੁਰੂ ਹੋ ਜਾਵੇਗਾ। ਉਨ੍ਹਾਂ ਕਿਹਾ ਕਿ ਆਜ਼ਾਦੀ ਦੇ ਸ਼ੁਭ ਦਿਹਾੜੇ ਉੱਤੇ 75 ਮੁਹੱਲਾ ਕਲੀਨਿਕ ਖੋਲ੍ਹੇ ਗਏ ਹਨ ਅਤੇ ਅਗਲੇ ਦਿਨਾਂ ਵਿੱਚ ਔਰਤਾਂ ਨੂੰ 1000 ਰੁਪਏ ਦੀ ਗਾਰੰਟੀ ਦੇਣ ਦਾ ਵਾਅਦਾ ਵੀ ਪੂਰਾ ਕੀਤਾ ਜਾਵੇਗਾ।

## ਪੰਜਾਬ ਸਰਕਾਰ ਪ੍ਰਾਈਵੇਟ ਖੰਡ ਮਿੱਲਾਂ ਦਾ ਨਿੱਜੀ ਆਡਿਟ ਕਰਵਾਏਗੀ



ਚੰਡੀਗੜ੍ਹ, 17 ਅਗਸਤ (ਪੋਸਟ ਬਿਊਰੋ)- ਪੰਜਾਬ ਸਰਕਾਰ ਪ੍ਰਾਈਵੇਟ ਖੰਡ ਮਿੱਲਾਂ ਦਾ ਵਿਸ਼ੇਸ਼ ਆਡਿਟ ਕਰਵਾਏਗੀ ਤਾਂ ਕਿ ਗੰਨੇ ਦੀ ਬਕਾਏ ਦੀ ਅਦਾਇਗੀ ਵਿੱਚ ਦੇਰੀ ਦੀ ਸਮੱਸਿਆ ਨਾਲ ਨਜਿੱਠਿਆ ਜਾ ਸਕੇ।

ਇਸ ਸੰਬੰਧ ਵਿੱਚ ਪੰਜਾਬ ਦੇ ਖੇਤੀ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਕੱਲ੍ਹ ਖੇਤੀ ਵਿਭਾਗ ਦੇ ਉਚ ਅਫਸਰਾਂ ਦੀ ਮੀਟਿੰਗ ਵਿੱਚ ਨਿਰਦੇਸ਼ ਦਿੱਤੇ ਕਿ ਸਾਰੀਆਂ ਪ੍ਰਾਈਵੇਟ ਮਿੱਲਾਂ ਦਾ ਸਪੈਸ਼ਲ ਆਡਿਟ ਕਰਾਇਆ ਜਾਵੇਗਾ। ਉਨ੍ਹਾਂ ਹਰ ਪ੍ਰਾਈਵੇਟ ਖੰਡ ਮਿੱਲ ਵਿੱਚ ਖੇਤੀ ਮਹਿਕਮੇ ਦੇ ਇੱਕ-ਇੱਕ ਅਧਿਕਾਰੀ ਦੀ ਤੈਨਾਤੀ ਲਈ੍ਹ ਵੀ ਕਿਹਾ ਹੈ। ਸਰਕਾਰ ਵੱਲੋਂ ਪ੍ਰਾਈਵੇਟ ਮਿੱਲਾਂ ਉੱਤੇ ਦਬਾਅ ਬਣਾਉਣ ਅਤੇ ਗੰਨੇ ਵਾਲੇ ਕਿਸਾਨਾਂ ਦੀਆਂ ਮੁਸ਼ਕਲਾਂ ਦੇ ਹੱਲ ਲਈ ਫੈਸਲਾ ਕੀਤਾ ਗਿਆ ਹੈ ਕਿ ਕੋਆਪਰੇਟਿਵ ਖੰਡ ਮਿੱਲਾਂ ਦਾ ਆਡਿਟ ਮਿੱਲਾਂ ਵੱਲੋਂ ਆਪਣੇ ਪੱਧਰ ਉੱਤੇਹੀ ਕੀਤਾ ਜਾਵੇਗਾ, ਪਰ ਪ੍ਰਾਈਵੇਟ ਖੰਡ ਮਿੱਲਾਂ ਦੇ ਆਡਿਟ ਵਿੱਚ ਦੇਖਿਆ ਜਾਵੇਗਾ ਕਿ ਖੰਡ ਮਿੱਲਾਂ ਵਿੱਚ ਕਿੰਨਾ ਗੰਨਾ ਆਉਂਦਾ ਅਤੇ ਕਿੰਨੇ ਦੀ ਪਿੜਾਈ ਹੁੰਦੀ ਹੈ ਅਤੇ ਕੀ ਖੰਡ ਮਿੱਲਾਂ ਵੱਲੋਂ ਕੋਟੇ ਮੁਤਾਬਕ ਖੰਡ ਵੇਚੀ ਜਾਂਦੀ ਹੈ।

ਵਰਨਣ ਯੋਗ ਹੈ ਕਿ ਪੰਜਾਬ ਵਿੱਚ ਸੱਤ ਪ੍ਰਾਈਵੇਟ ਖੰਡ ਮਿੱਲਾਂ ਹਨ, ਜਿਨ੍ਹਾਂ ਵਿੱਚ ਅਮਲੋਹ ਖੰਡ ਮਿੱਲ, ਦਸੂਹਾ ਤੇ ਕੀੜੀ ਅਫਗਾਨਾ ਦੀਆਂ ਮਿੱਲ ਨੇ ਬਕਾਏ ਕਲੀਅਰ ਕਰ ਦਿਤੇ ਹਨ। ਕੋਆਪਰੇ-ਟਿਵ ਖੰਡ ਮਿੱਲਾਂ ਦੇ ਕਰੀਬ 195 ਕਰੋੜ ਦੇ ਬਕਾਏ ਦੇਣ ਵਾਲੇ ਸਨ, ਜਿਸ ਵਿੱਚੋਂ 15 ਅਗਸਤ ਨੂੰ 100 ਕਰੋੜ ਦੇ ਬਕਾਏ ਸੂਬਾ ਸਰਕਾਰ ਨੇ ਜਾਰੀ ਕਰਨੇ ਸਨ। ਖੇਤੀ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਦੱਸਿਆ ਕਿ ਸੱਤ ਸਤੰਬਰ ਤਕ ਸਾਰੇ ਬਕਾਏ ਕਲੀਅਰ ਕਰ ਦਿੱਤੇ ਜਾਣਗੇ। ਨਿੱਜੀ ਖੇਤਰ ਦੀ ਫਗਵਾੜਾ ਖੰਡ ਮਿੱਲ ਨੇ 72 ਕਰੋੜ ਦੇ ਬਕਾਏ ਨਹੀਂ ਦਿੱਤੇ। ਪੰਜਾਬ ਸਰਕਾਰ ਇਸ ਮਿੱਲ ਦੀ ਪ੍ਰਾਪਰਟੀ ਵੇਚ ਕੇ ਗੰਨਾ ਕਾਸ਼ਤਕਾਰਾਂ ਨੂੰ ਬਕਾਏ ਦੀ ਅਦਾਇਗੀ ਕਰਨਾ ਚਾਹੁੰਦੀ ਹੈ। ਪ੍ਰਾਈਵੇਟ ਖੰਡ ਮਿੱਲਾਂ ਵਿੱਚੋਂ ਮੁਕੇਰੀਆਂ, ਧੂਰੀ ਅਤੇ ਬੁੱਟਰ ਸਿਵੀਆਂ ਦੀਆਂ ਮਿੱਲਾਂ ਵੱਲ ਵੀ ਕਰੀਬ 55 ਏਕੜ ਦੇ ਬਕਾਏ ਖੜ੍ਹੇ ਹਨ।

## ਚੋਣਾਂ ਦੀ ਰੰਜ਼ਸ਼ ਕਾਰਨ ਨੌਜਵਾਨ ਦਾ ਕਤਲ



ਪਾਤੜਾਂ, 17 ਜੁਲਾਈ (ਪੋਸਟ ਬਿਊਰੋ)- ਸਬ-ਡਵੀਜ਼ਨ ਪਾਤੜਾਂ ਦੇ ਪਿੰਡ ਬਹਿਰ ਜੱਛ ਵਿਖੇ ਆਜ਼ਾਦੀ ਦਿਨ ਮੌਕੇ ਇੱਕ ਨੌਜਵਾਨ ਨੂੰ ਕਿਰਚਾਂ ਮਾਰ ਕੇ ਮਾਰ ਦਿੱਤਾ ਗਿਆ ਹੈ। ਪੁਲਸ ਵੱਲੋਂ ਸੱਤ ਜਣਿਆਂ ਉੱਤੇ ਕੇਸ ਦਰਜ ਕੀਤਾ ਹੈ। ਮ੍ਰਿਤਕ ਦੇ ਪਰਵਾਰ ਤੇ ਪਿੰਡ ਵਾਸੀਆਂ ਨੇ ਕਾਤਲਾਂ ਦੀ ਗ੍ਰਿਫ਼ਤਾਰੀ ਲਈ ਸ਼ਹਿਰ ਦੇ ਭਗਤ ਸਿੰਘ ਚੌਕ ਵਿੱਚ ਲਾਸ਼ ਨੂੰ ਰੱਖ ਕੇ ਦਿੱਲੀ-ਸੰਗਰੂਰ ਕੌਮੀ ਮਾਰਗ ਜਾਮ ਕਰ ਕੇ ਪ੍ਰਸ਼ਾਸਨ ਖ਼ਿਲਾਫ਼ ਨਾਅਰੇਬਾਜ਼ੀ ਕੀਤੀ।

ਇਸ ਮੌਕੇ ਮ੍ਰਿਤਕ ਦੇ ਪਰਵਾਰਕ ਮੈਂਬਰਾਂ ਦੱਸਿਆ ਕਿ ਅਸੀਂ ਆਪਣੇ ਘਰ ਕੰਮ ਕਰ ਰਹੇ ਸੀ, ਜਦੋਂ ਰਾਂਝਾ ਰਾਮ ਬਾਹਰੋਂ ਸਾਮਾਨ ਚੁੱਕਣ ਗਿਆ ਤਾਂ ਦੋਸ਼ੀਆਂ ਨੇ ਉਸ ਉੱਤੇ ਕਿਰਚਾਂ ਨਾਲ ਹਮਲਾ ਕਰ ਦਿੱਤਾ। ਰੌਲਾ ਸੁਣ ਕੇ ਜਦੋਂ ਉਸ ਨੂੰ ਛੁਡਾਉਣ ਲਈ ਉਸ ਦਾ ਭਰਾ ਜੌਨੀ ਰਾਮ ਗਿਆ ਤਾਂ ਉਸ ਉੱਤੇ ਵੀ ਕਿਰਚ ਨਾਲ ਵਾਰ ਕਰ ਦਿੱਤਾ। ਰਾਂਝਾ ਰਾਮ (31) ਨੂੰ ਜਦੋਂ ਹਸਪਤਾਲ ਲਿਜਾ ਰਹੇ ਸੀ ਤਾਂ ਉਸ ਨੇ ਰਸਤੇ ਵਿੱਚ ਦਮ ਤੋੜ ਦਿੱਤਾ। ਪਿਛਲੀਆਂ ਪੰਚਾਇਤੀ ਚੋਣਾਂ ਸਮੇਂ ਮ੍ਰਿਤਕ ਦੀ ਮਾਂ ਨੇ ਦੋਸ਼ੀ ਸੰਜੀਵ ਕੁਮਾਰ ਦੀ ਪਤਨੀ ਖ਼ਿਲਾਫ਼ ਚੋਣ ਲੜੀ ਸੀ, ਜਿਨ੍ਹਾਂ ਦੀ ਓਦੋਂ ਤੋਂ ਰੰਜਸ਼ ਚੱਲਦੀ ਸੀ। ਪੁਲਸ ਨੇ ਦੋਸ਼ੀ ਰਿੰਕੂ ਰਾਮ ਪੁੱਤਰ ਰੁਲਦੂ ਰਾਮ, ਗੁਰਜੀਤ ਰਾਮ ਪੁੱਤਰ ਡੋਗਰ ਰਾਮ, ਡੋਗਰ ਰਾਮ ਪੁੱਤਰ ਜੋਗਿੰਦਰ ਰਾਮ, ਸੰਜੀਵ ਕੁਮਾਰ ਪੁੱਤਰ ਦਿਆਲਾ ਰਾਮ, ਰਵੀ ਰਾਮ ਪੁੱਤਰ ਬਲਵੀਰ, ਰਾਜ ਕੁਮਾਰ ਪੁੱਤਰ ਜੋਗਿੰਦਰ ਰਾਮ, ਹਰੀਸ਼ ਕੁਮਾਰ ਪੁੱਤਰ ਲੱਛਮਣ ਰਾਮ ਵਾਸੀ ਬਹਿਰ ਜੱਛ ਦੇ ਖ਼ਿਲਾਫ਼ ਵੱਖ-ਵੱਖ ਧਰਾਵਾਂ ਦਾ ਕੇਸ ਦਰਜ ਕੀਤਾ ਹੈ। ਡੀ ਐਸ ਪੀ ਪਾਤੜਾਂ ਗੁਰਦੀਪ ਸਿੰਘ ਦਿਓਲ ਦਾ ਕਹਿਣਾ ਹੈ ਕਿ ਮੁੱਦਈ ਧਿਰ ਵਾਲੇ ਮਾਮਲੇ ਵਿੱਚ ਕੁਝ ਹੋਰ ਦੋਸ਼ੀਆਂ ਨੂੰ ਨਾਮਜ਼ਦ ਕਰਵਾਉਣਾ ਚਾਹੁੰਦੇ ਹਨ, ਜਿਸ ਵਾਸਤੇ ਲਿਖਾ-ਪੜ੍ਹੀ ਚੱਲ ਰਹੀ ਹੈ। ਦੋਸ਼ੀਆਂ ਵਿੱਚੋਂ ਇੱਕ ਵਿਅਕਤੀ ਦੀ ਗ੍ਰਿਫ਼ਤਾਰੀ ਹੋ ਚੁੱਕੀ ਹੈ।

## ਵਿਦਿਆਰਥਣ ਦੀ ਬੇਰਹਿਮੀ ਨਾਲ ਕੁੱਟਮਾਰ, ਬਲਾਤਕਾਰ ਦਾ ਯਤਨ

ਮੋਗਾ, 17 ਅਗਸਤ (ਪੋਸਟ ਬਿਊਰੋ)- ਆਜ਼ਾਦੀ ਦਿਹਾੜੇ ਦੀ ਅਗੇਤੀ ਸ਼ਾਮ ਟਿਊਸ਼ਨ ਪੜ੍ਹ ਕੇ ਘਰ ਮੁੜੀ 12ਵੀਂ ਜਮਾਤ ਦੀ ਵਿਦਿਆਰਥਣ ਨੂੰ ਤਿੰਨ ਨੌਜਵਾਨ ਲੁਧਿਆਣਾ ਰੋਡ ਉੱਤੇ ਖੇਡ ਸਟੇਡੀਅਮ ਵਿੱਚ ਲੈ ਗਏ ਅਤੇ ਸੁੰਨਸਾਨ ਜਗ੍ਹਾ ਦਾ ਲਾਭ ਉਠਾ ਕੇ ਉਸ ਨਾਲ ਛੇੜਛਾੜ ਸ਼ੁਰੂ ਕਰ ਦਿੱਤੀ। ਵਿਦਿਆਰਥਣ ਨੇ ਬਚਾਅ ਲਈ ਚੀਕਾਂ ਮਾਰੀਆਂ ਤਾਂ ਪਹਿਲਾਂ ਤਿੰਨਾਂ ਨੌਜਵਾਨਾਂ ਨੇ ਵਿਦਿਆਰਥਣ ਦੀ ਬੇਰਹਿਮੀ ਨਾਲ ਕੁੱਟਮਾਰ ਕੀਤੀ, ਵਿਦਿਆਰਥਣ ਤਿੰਨਾਂ ਨਾਲ ਇਕੱਲੀ ਭਿੜ ਗਈ, ਤਾਂ ਉਸ ਦੇ ਮੂੰਹ ਉੱਤੇ ਇੱਟਾਂ ਨਾਲ ਵਾਰ ਕਰ ਕੇ ਕਰੀਬ 25 ਫੁੱਟ ਉਪਰੋਂ ਸਟੇਡੀਅਮ ਦੀਆਂ ਪੌੜੀਆਂ ਤੋਂ ਧੱਕਾ ਦੇ ਦਿੱਤਾ, ਜਿਸ ਕਾਰਨ ਉਸ ਦੀਆਂ ਦੋਵੇਂ ਲੱਤਾਂ ਟੁੱਟ ਗਈਆਂ ਅਤੇ ਜਬਾੜਾ ਵੀ ਟੁੱਟ ਗਿਆ। ਮਥੁਰਾਦਾਸ ਸਿਵਲ ਹਸਪਤਾਲ ਤੋਂ ਵਿਦਿਆਰਥਣ ਦੀ ਹਾਲਤ ਗੰਭੀਰ ਹੋਣ ਤੋਂ ਬਾਅਦ ਉਸ ਨੂੰ ਡੀ ਐਮ ਸੀ ਰੈਫਰ ਕਰ ਦਿੱਤਾ ਗਿਆ ਹੈ। ਹਸਪਤਾਲ ਦੇ ਐਮਰਜੈਂਸੀ ਵਾਰਡ ਵੱਲੋਂ ਪੁਲਸ ਨੂੰ ਸੂਚਿਤ ਕਰਨ ਤੋਂ 24 ਘੰਟੇ ਬਾਅਦ 15 ਅਗਸਤ ਨੂੰ ਪੁਲਸ ਚੌਕੀ ਫੋਕਲ ਪੁਆਇੰਟ ਦੇ ਇੰਚਾਰਜ ਦਾ ਫੋਨ ਪੀੜਤ ਲੜਕੀ ਦੇ ਪਿਤਾ ਨੂੰ ਗਿਆ ਸੀ, ਪਰ ਪੁਲਸ ਨੇ ਪੰਜਾਹ ਘੰਟੇ ਬੀਤ ਜਾਣਤੱਕ ਵੀ ਕਾਰਵਾਈ ਨਹੀਂ ਕੀਤੀ।ਮੀਡੀਆ ਨੂੰ ਪੰਜਾਹ ਘੰਟੇ ਬਾਅਦ ਵੀ ਸਟੇਡੀਅਮ ਵਿੱਚ ਇੰਟਰਲ-ੱਕਿੰਗ ਟਾਈਲਾਂ ਦੇ ਪੱਕੇ ਫਰਸ਼ਉੱਤੇ ਖੂਨ ਦੇ ਛਿੱਟੇ ਪਏ ਮਿਲੇ, ਪਰ ਸ਼ਹਿਰ ਵਿੱਚ ਵਾਪਰੀ ਇਸ ਘਿਨੌਣੀ ਘਟਨਾ ਦੇ ਬਾਵਜੂਦ ਪੁਲਸ ਨੇ ਚੁਸਤੀ ਨਹੀਂ ਵਿਖਾਈ। ਮੁੱਖ ਦੋਸ਼ੀ ਸ਼ਹਿਰ ਦੇ ਇੱਕ ਵੱਡੇ ਜਿਊਲਰ ਦਾ ਪੁੱਤਰ ਦੱਸਿਆ ਜਾ ਰਿਹਾ ਹੈ।

## ਮੋਹਾਲੀ ਵਿੱਚ ਅਰਦਾਸ ਸਮਾਗਮ ਮੌਕੇ ਅਕਾਲੀ ਆਗੂਆਂ ਦੀ ਧੜੇਬੰਦੀ ਉਭਰੀ

### * ਗੁਰਦੁਆਰਾ ਅੰਬ ਸਾਹਿਬ ਵਿਖੇ ਚੀਮਾ ਤੇ ਚੰਦੂਮਾਜਰਾ ਵੱਲੋਂ ਵੱਖੋ-ਵੱਖ ਸਮਾਗਮ





ਐਸ ਏ ਐਸ ਨਗਰ (ਮੋਹਾਲੀ), 17 ਅਗਸਤ (ਪੋਸਟ ਬਿਊਰੋ)- ਭਾਰਤ-ਪਾਕਿਸਤਾਨ ਦੀ ਵੰਡ ਵੇਲੇ ਮਾਰੇ ਗਏ ਲੋਕਾਂ ਨੂੰ ਸ਼ਰਧਾਂਜਲੀ ਦੇਣ ਸਮੇਂ ਸ਼੍ਰੋਮਣੀ ਅਕਾਲੀ ਆਗੂਆਂ ਦੀ ਧੜੇਬੰਦੀ ਜੱਗ ਜ਼ਾਹਿਰ ਹੋ ਗਈ।

ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਇਸ ਮੌਕੇ ਅਰਦਾਸ ਸਮਾਗਮ ਕਰਾਉਣ ਦੇ ਆਦੇਸ਼ ਦਿੱਤੇ ਸਨ, ਜਿਸ ਕਾਰਨ ਸ਼੍ਰੋਮਣੀ ਗੁਰ-ਦੁਆਰਾ ਪ੍ਰਬੰਧਕ ਕਮੇਟੀ ਤੇ ਅਕਾਲੀ ਦਲ ਦੇ ਸੀਨੀਅਰ ਆਗੂਆਂ ਨੇ ਏਥੇ ਇਤਿਹਾਸਕ ਗੁਰਦੁਆਰਾ ਅੰਬ ਸਾਹਿਬ ਵਿਖੇ ਵੱਖੋ-ਵੱਖਰੇ ਸਮਾਗਮ ਕਰਵਾਏ। ਇੱਕ ਸਮਾਗਮ ਦੀ ਅਗਵਾਈ ਸਾਬਕਾ ਮੰਤਰੀ ਦਲਜੀਤ ਸਿੰਘ ਚੀਮਾਅਤੇ ਦੂਸਰੇ ਦੀ ਅਗਵਾਈ ਸਾਬਕਾ ਪਾਰਲੀਮੈਂਟ ਮੈਂਬਰ ਪ੍ਰੇਮ ਸਿੰਘ ਚੰਦੂਮਾਜਰਾ ਨੇ ਕੀਤੀ। ਗੁਰਦੁਆਰਾ ਅੰਬ ਸਾਹਿਬ ਵਿੱਚ ਜਥੇਦਾਰ ਅਕਾਲ ਤਖਤ ਸਾਹਿਬ ਦੇ ਹੁਕਮ ਅਨੁਸਾਰ 15 ਅਗਸਤ 1947 ਨੂੰ ਦੇਸ਼ ਵੰਡ ਵੇਲੇ ਹਿੰਸਾ ਵਿੱਚ ਮਾਰੇ ਗਏ 10 ਲੱਖ ਲੋਕਾਂ ਦੀ ਯਾਦ ਵਿੱਚ ਅਰਦਾਸ ਦੇ ਇੱਕ ਸਮਾਗਮ ਵਿੱਚ ਸਾਬਕਾ ਸਿੱਖਿਆ ਮੰਤਰੀ ਡਾਕਟਰ ਦਲਜੀਤ ਸਿੰਘ ਚੀਮਾ, ਸ਼੍ਰੋਮਣੀ ਕਮੇਟੀ ਮੈਂਬਰ ਪਰਮਜੀਤ ਕੌਰ ਲਾਂਡਰਾ ਤੇ ਅਜਮੇਰ ਸਿੰਘ ਖੇੜਾ, ਅਕਾਲੀ ਦਲ ਦੇ ਹਲਕਾ ਇੰਚਾਰਜ ਪਰਵਿੰਦਰ ਸਿੰਘ ਬੈਦਵਾਣ, ਅਕਾਲੀ ਦਲ ਚੰਡੀਗੜ੍ਹ ਦੇ ਪ੍ਰਧਾਨ ਹਰਦੀਪ ਸਿੰਘ, ਇਸਤਰੀ ਅਕਾਲੀ ਦਲ ਦੀ ਜ਼ਿਲ੍ਹਾ ਪ੍ਰਧਾਨ ਕੁਲਦੀਪ ਕੌਰ ਕੰਗ ਸ਼ਾਮਲ ਸਨ। ਇਸ ਮੌਕੇ ਦਲਜੀਤ ਸਿੰਘਚੀਮਾ ਨੇ ਕਿਹਾ ਕਿ 1947 ਦੀ ਵੰਡ ਦੌਰਾਨ ਲੱਖਾਂ ਪੰਜਾਬੀਆਂ ਨੂੰ ਬੇਰਹਿਮੀ ਨਾਲ ਕਤਲ ਕੀਤਾ ਗਿਆ, ਪਰ ਉਨ੍ਹਾਂ ਨੂੰ ਕੋਈ ਯਾਦ ਨਹੀਂ ਕਰਦਾ। ਦੂਸਰੇ ਪਾਸੇ ਇਸ ਤੋਂ ਪਹਿਲਾਂ ਸਾਬਕਾ ਪਾਰਲੀਮੈਂਟ ਮੈਂਬਰ ਪ੍ਰੇਮ ਸਿੰਘ ਚੰਦੂਮਾਜਰਾ ਦੀ ਅਗਵਾਈ ਹੇਠ ਅਕਾਲੀ ਦਲ ਦੇ ਦੂਜੇ ਧੜੇ ਨੇ ਅਰਦਾਸ ਸਮਾਗਮ ਕੀਤਾ, ਜਿਸ ਵਿੱਚ ਸਿਮਰਨਜੀਤ ਸਿੰਘ ਚੰਦੂਮਾਜਰਾ, ਜ਼ਿਲ੍ਹਾ ਪ੍ਰਧਾਨ ਚਰਨਜੀਤ ਸਿੰਘ ਕਾਲੇਵਾਲ, ਜ਼ਿਲ੍ਹਾ ਸ਼ਹਿਰੀ ਪ੍ਰਧਾਨ ਕਮਲਜੀਤ ਸਿੰਘ ਰੂਬੀ, ਸਰਬਜੀਤ ਸਿੰਘ ਪਾਰਸ, ਗੁਰਪ੍ਰਤਾਪ ਸਿੰਘ ਬੜੀ, ਕਮਲਜੀਤ ਸਿੰਘ ਬੈਦਵਾਣ, ਗੁਰਮੀਤ ਸਿੰਘ ਸ਼ਾਮਪੁਰ, ਬਲਜਿੰਦਰ ਸਿੰਘ ਗੋਬਿੰਦਗੜ੍ਹ, ਹਰਵਿੰਦਰ ਸਿੰਘ ਪੱਤੋ, ਜਸਵੀਰ ਸਿੰਘ, ਹਰਪਾਲ ਸਿੰਘ ਬਠਲਾਣਾ ਮੌਜੂਦ ਸਨ। ਇਸ ਮੌਕੇ ਪ੍ਰੇਮ ਸਿੰਘ ਚੰਦੂਮਾਜਰਾ ਨੇ ਕਿਹਾ ਕਿ ਇਸ ਦੇਸ਼ ਦੇ ਆਜ਼ਾਦੀ ਲਈ ਸਭ ਤੋਂ ਵੱਧ ਯੋਗਦਾਨ ਅਤੇਸਭ ਤੋਂ ਵੱਧ ਕੁਰਬਾਨੀਆਂ ਪੰਜਾਬੀਆਂ ਖਾਸ ਕਰ ਕੇ ਸਿੱਖਾਂ ਦੀਆਂ ਸਨ।

## ਨੌਜਵਾਨ ਨੇ ਫਾਹਾ ਲੈ ਕੇ ਖ਼ੁਦਕੁਸ਼ੀ ਕਰ ਲਈ



ਡੇਰਾਬੱਸੀ, 17 ਜੁਲਾਈ (ਪੋਸਟ ਬਿਊਰੋ)- ਬੇਰੁਜ਼ਗਾਰ ਹੋਣ ਕਾਰਨ ਪ੍ਰੇਸ਼ਾਨ ਤ੍ਰਿਵੇਦੀ ਕੈਂਪ ਦੇ ਇੱਕ ਨੌਜਵਾਨ ਨੇ ਫਾਹਾ ਲੈ ਕੇ ਖੁਦਕੁਸ਼ੀ ਕਰ ਲਈ। ਪੁਲਸ ਨੇ ਮ੍ਰਿਤਕ ਦੇ ਭਰਾ ਦੇ ਬਿਆਨਾਂ ਉੱਤੇ ਕੇਸ ਦਰਜ ਕੀਤਾ ਹੈ।

ਮ੍ਰਿਤਕ ਦੀ ਪਛਾਣ ਰਮਨ ਰਾਣਾ (32) ਪੁੱਤਰ ਦਲੀਪ ਰਾਣਾ ਵਾਸੀ ਤ੍ਰਿਵੇਦੀ ਕੈਂਪ ਡੇਰਾਬੱਸੀ ਵਜੋਂ ਹੋਈ ਹੈ। ਉਸ ਦੀ ਮਾਤਾ ਦੀ ਦੋ ਸਾਲ ਪਹਿਲਾਂ ਮੌਤ ਹੋ ਗਈ ਸੀ ਅਤੇ ਉਹ ਆਪਣੇ ਛੋਟੇ ਭਰਾ ਸ਼ਿਵਮ ਨਾਲ ਘਰ ਵਿੱਚ ਰਹਿੰਦਾ ਸੀ। ਦੋਵੇਂ ਜਣੇ ਹਾਲੇ ਕੁਆਰੇ ਸਨ।ਮੁਬਾਰਕਪੁਰ ਪੁਲਸ ਚੌਕੀ ਦੇ ਇੰਚਾਰਜ ਕੁਲਵੰਤ ਸਿੰਘ ਨੇ ਦੱਸਿਆ ਕਿ ਰਮਨ ਰਾਣਾ ਕੋਰੋਨਾ ਕਾਲ ਤੋਂ ਬਾਅਦ ਕੰਮ ਠੱਪ ਹੋਣ ਜਾਣ ਕਾਰਨ ਪ੍ਰੇਸ਼ਾਨ ਸੀ। ਕੱਲ੍ਹ ਸਵੇਰੇ ਕਰੀਬ ਸਾਢੇ 9 ਵਜੇ ਉਸ ਨੇ ਆਪਣੇ ਕਮਰੇ ਦੀ ਛੱਤ ਵਾਲੇ ਪੱਖੇ ਨਾਲ ਰੱਸੀ ਦਾ ਫੰਦਾ ਬਣਾ ਕੇ ਫਾਹਾ ਲੈ ਲਿਆ। ਉਸ ਦੀ ਲਾਸ਼ ਉਸ ਦੇ ਛੋਟੇ ਭਰਾ ਸ਼ਿਵਮ ਨੂੰ ਪੱਖੇ ਨਾਲ ਲਟਕੀ ਹੋਈ ਮਿਲੀ। ਉਨ੍ਹਾਂ ਲਾਸ਼ ਨੂੰ ਉਤਾਰ ਕੇ ਗੁਆਂਢੀਆਂ ਦੀ ਮੱਦਦ ਨਾਲ ਸਿਵਲ ਹਸਪਤਾਲ ਪਹੁੰਚਾਇਆ ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਕਰਾਰ ਦੇ ਦਿੱਤਾ।ਉਨ੍ਹਾਂ ਦੱਸਿਆ ਕਿ ਮ੍ਰਿਤਕ ਦੇ ਕੋਲੋਂ ਕੋਈ ਸੁਸਾਈਡ ਨੋਟ ਨਹੀਂ ਮਿਲਿਆ। ਰਮਨ ਰਾਣਾ ਦੇ ਪਿਤਾ ਦੀ ਉਸਦੇ ਛੋਟੇ ਹੁੰਦਿਆਂ ਹੀ ਮੌਤ ਹੋ ਗਈ ਸੀ।









## ਹਿੰਦ-ਪਾਕਿ ਸਰਕਾਰਾਂ ਦੇਸ਼ ਵੰਡ ਵੇਲੇ ਦੇ ਮ੍ਰਿਤਕਾਂ ਵਾਸਤੇ ਪਾਰਲੀਮੈਂਟ ਵਿੱਚ ਸ਼ੋਕ ਮਤੇ ਪਾਸ ਕਰਨ : ਜੱਥੇਦਾਰ



ਅੰਮ੍ਰਿਤਸਰ, 17 ਜੁਲਾਈ (ਪੋਸਟ ਬਿਊਰੋ)- ਸੰਨ 1947 ਵਿੱਚ ਭਾਰਤ-ਪਾਕਿਸਤਾਨ ਵੰਡ ਦੌਰਾਨ ਜਾਨਾਂ ਗਵਾਉਣ ਵਾਲੇ ਲੱਖਾਂ ਪੰਜਾਬੀਆਂ ਨੂੰ ਕੱਲ੍ਹ ਸ੍ਰੀ ਅਕਾਲ ਤਖ਼ਤ ਸਾਹਿਬ ਉੱਤੇ ਯਾਦ ਕੀਤਾ ਗਿਆ।

ਇਸ ਮੌਕੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਹੋਏ ਅਰਦਾਸ ਸਮਾਗਮ ਵਿੱਚ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਦੇਸ਼ ਵੰਡ ਦੌਰਾਨ ਜਾਨਾਂ ਗਵਾਉਣ ਅਤੇ ਉਜਾੜੇ ਦਾ ਦਰਦ ਹੰਢਾਉਣ ਵਾਲੇ ਲੱਖਾਂ ਲੋਕਾਂ ਪ੍ਰਤੀ ਭਾਰਤ ਤੇ ਪਾਕਿਸਤਾਨ ਦੀਆਂ ਸਰਕਾਰਾਂ ਆਪੋ-ਆਪਣੀ ਪਾਰਲੀਮੈਂਟ ਵਿੱਚ ਸ਼ੋਕ ਮਤੇ ਪਾਸ ਕਰਨ। ਉਨ੍ਹਾਂ ਨੇ ਕਿਹਾ ਕਿ ਚਾਹੀਦਾ ਤਾਂ 75ਵੀਂ ਵਰ੍ਹੇਗੰਢ ਸਮੇਂ ਦੋਹਾਂ ਦੇਸ਼ਾਂ ਦੀਆਂ ਸਰਕਾਰਾਂ ਓਦੋਂ ਮਾਰੇ ਗਏ ਲੋਕਾਂ ਨੂੰ ਪਾਰਲੀਮੈਂਟ ਅੰਦਰ ਯਾਦ ਕਰਦੀਆਂ ਅਤੇ ਆਪਣੇ ਆਪ ਸ਼ੋਕ ਮਤੇ ਲਿਆਉਂਦੀਆਂ, ਪਰ ਸਰਕਾਰਾਂ ਨੇ ਇਹ ਜ਼ਰੂਰੀ ਨਹੀਂ ਸਮਝਿਆ।

ਇਹੀ ਨਹੀਂ, ਜਥੇਦਾਰ ਸ੍ਰੀ ਅਕਾਲ ਤਖਤ ਨੇ ਕਿਹਾ ਕਿ 1947 ਤੋਂ ਪਹਿਲਾਂ ਜਨਮ ਲੈਣ ਵਾਲੇ ਲੋਕਾਂ ਨੂੰ ਆਪਣੀ ਜਨਮ ਭੂਮੀ ਤੇ ਧਾਰਮਿਕ ਅਸਥਾਨਾਂ ਉੱਤੇ ਜਾਣ ਲਈ ਖੁਲ੍ਹਦਿਲੀ ਨਾਲ ਵੀਜ਼ੇ ਦਾ ਪ੍ਰਬੰਧ ਹੋਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ 1947 ਦੀ ਦੇਸ਼ ਵੰਡ ਮੌਕੇ ਸਭ ਤੋਂ ਵੱਧ ਨੁਕਸਾਨ ਪੰਜਾਬੀਆਂ ਨੂੰ ਹੋਇਆ ਅਤੇ ਜਾਂ ਬੰਗਾਲੀਆਂ ਨੂੰ ਵੱਡੀ ਮਾਰ ਪਈ ਸੀ। ਅਸਲ ਵਿੱਚ ਅੰਗਰੇਜ਼ਾਂ ਵਿਰੁੱਧ ਪੰਜਾਬ ਅਤੇ ਬੰਗਾਲ ਦੇ ਲੋਕਾਂ ਨੇ ਸਭ ਤੋਂ ਵੱਧ ਸੰਘਰਸ਼ ਕੀਤਾ ਅਤੇ ਜਾਇਦਾਦਾਂ ਕੁਰਕ ਕਰਵਾਈਆਂ ਅਤੇ ਕੁਰਬਾਨੀਆਂ ਦਿੱਤੀਆਂ ਸਨ। ਆਜ਼ਾਦੀ ਸਮੇਂ ਇਨ੍ਹਾਂ ਦੋਹਾਂ ਸੂਬਿਆਂ ਨੂੰ ਤੋੜ ਦਿੱਤਾ ਗਿਆ। ਉਨ੍ਹਾਂ ਕਿਹਾ ਕਿ ਪੰਜਾਬੀਆਂ ਨੇਜਿਥੇ ਵੱਡੀ ਗਿਣਤੀ ਵਿੱਚ ਜਾਨਾਂ ਗਵਾਈਆਂ, ਉਥੇ ਆਪਣੀਆਂ ਜ਼ਮੀਨਾਂ, ਜਾਇਦਾਦਾਂ, ਘਰ ਅਤੇ ਪਾਵਨ ਗੁਰਧਾਮ ਵੀ ਛੱਡਣੇ ਪਏ। ਉਹ ਪਾਵਨ ਗੁਰਧਾਮਾਂ ਦੇ ਦਰਸ਼ਨ ਕਰਨ ਨੂੰ ਵੀ ਤਰਸਦੇ ਹਨ। ਜਿੰਦਾਂ ਮੁਸਲਮਾਨਾਂ ਨੂੰ ਹੱਜ ਕਰਨ ਤੋਂ ਰੋਕਣਾ ਵੱਡਾ ਗੁਨਾਹ ਹੈ, ਇਸੇ ਤਰ੍ਹਾਂ ਸਿੱਖਾਂ ਨੂੰ ਸ੍ਰੀ ਨਨਕਾਣਾ ਸਾਹਿਬ ਅਤੇ ਪਾਕਿਸਤਾਨ ਵਿੱਚ ਰਹਿ ਗਏ ਹੋਰ ਗੁਰਧਾਮਾਂ ਦੇ ਦਰਸ਼ਨਾਂ ਤੋਂ ਰੋਕਣਾ ਵੀ ਠੀਕ ਨਹੀਂ।

## ਐਨ ਆਈ ਏ ਨੇ ਰਾਮਪੁਰਾ ਫੂਲ ਦੇ ਚਾਹ ਵਪਾਰੀ ਨੂੰ ਗ੍ਰਿਫਤਾਰ ਕੀਤਾ

ਰਾਮਪੁਰਾ, 17 ਜੁਲਾਈ (ਪੋਸਟ ਬਿਊਰੋ)- ਅੰਤਰ-ਰਾਸ਼ਟਰੀ ਨਸ਼ਾ ਤਸਕਰੀ ਦੇ ਕੇਸ ਵਿੱਚ ਕੇਂਦਰੀ ਜਾਂਚ ਏਜੰਸੀ (ਐਨ ਆਈ ਏ) ਨੇ ਰਾਮਪੁਰਾ ਫੂਲ ਦੇ ਚਾਹ ਵਪਾਰੀ ਨੂੰ ਹਿਰਾਸਤ ਵਿੱਚ ਲਿਆ ਹੈ। ਇਹ ਮਾਮਲਾ ਗੁਜਰਾਤ ਦੀ ਮੁਦਰਾ ਬੰਦਰਗਾਹ ਤੋਂ ਫੜੀ ਗਈ ਤਿੰਨ ਹਜ਼ਾਰ ਕਿਲੋਗ੍ਰਾਮ ਹੈਰੋਇਨ ਨਾਲ ਜੁੜਿਆ ਦੱਸਿਆ ਜਾ ਰਿਹਾ ਹੈ। ਪੁਲਸ ਤੇ ਖੁਫ਼ੀਆ ਏਜੰਸੀਆਂ ਨਸ਼ਾ ਤਸਕਰਾਂ ਦੀਆਂ ਗਤੀਵਿਧੀਆਂ ਉੱਤੇ ਅੱਖ ਰੱਖਣ ਤੋਂ ਨਾਕਾਮ ਸਾਬਤ ਹੋ ਰਹੀਆਂ ਸਨ। ਉਂਜ ਪੰਜਾਬ ਪੁਲਸ ਦਾ ਦਾਅਵਾ ਹੈ ਕਿ ਇੱਕ ਮਹੀਨੇ ਅੰਦਰ ਹੀ 240 ਵੱਡੀਆਂ ਮੱਛੀਆਂ ਸਮੇਤ 2205 ਨਸ਼ਾ ਤਸਕਰਾਂ ਨੂੰ ਫੜਿਆ ਹੈ। ਐਨ ਆਈ ਏ ਵੱਲੋਂ ਬੀਤੇ ਦਿਨੀਂ ਰਾਮਪੁਰਾ ਫੂਲ ਵਿੱਚ ਦਸਤਕ ਦੇਣ ਨੇ ਖੁਫ਼ੀਆ ਏਜੰਸੀਆਂ ਅਤੇ ਆਮ ਲੋਕਾਂ ਨੂੰ ਹੈਰਾਨ ਕਰ ਦਿੱਤਾ ਹੈ ਕਿ ਚਾਹ ਦੇ ਧੰਦੇ ਦਾ ਅਸਫ਼ਲ ਵਪਾਰੀ ਨਸ਼ੇ ਦੇ ਐਡੇ ਕਾਰੋਬਾਰ ਨਾਲ ਜੁੜਿਆ ਹੈ। ਮਿਲੀ ਜਾਣਕਾਰੀ ਅਨੁਸਾਰ ਸਟੇਟ ਸਪੈਸ਼ਲ ਅਪ੍ਰੇਸ਼ਨ ਸੈਲ ਨੇ ਦਿੱਲੀ ਦੇ ਇੱਕ ਵਿਅਕਤੀ ਪੰਕਜ ਵੈਦ ਸਣੇ ਚਾਰ ਜਣਿਆਂ ਹਰਪਿੰਦਰ ਕੁਮਾਰ ਵਾਸੀ ਰਾਮਪੁਰਾ ਫੂਲ (ਬਠਿੰਡਾ), ਮਨਪ੍ਰੀਤ ਸਿੰਘ ਵਾਸੀ ਸੁਲਤਾਨਵਿੰਡ, ਸੁਰਿੰਦਰ ਸਿੰਘ ਵਾਸੀ ਤੇਗਾ ਸਿੰਘ ਵਾਲਾ (ਫ਼ਿਰੋਜ਼ਪੁਰ) ਅਤੇ ਕੁਝ ਹੋਰ ਅਣਪਛਾਤੇ ਦੋਸ਼ੀਆਂ ਖ਼ਿਲਾਫ਼ ਕੇਸ ਦਰਜ ਕੀਤਾ ਸੀ। ਇੱਕ ਸੀਨੀਅਰ ਅਧਿਕਾਰੀ ਦੇ ਦੱਸਣ ਅਨੁਸਾਰ ਫੜਿਆ ਗਿਆ ਹਰਪਿੰਦਰ ਕੁਮਾਰ ਵਾਸੀ ਰਾਮਪੁਰਾ ਫੂਲ ਨਸ਼ੇ ਦੀ ਖੇਪ ਮੰਜ਼ਿਲ ਉੱਤੇ ਪੁਚਾਉਂਦਾ ਸੀ। ਮੁਦਰਾ ਬੰਦਰਗਾਹ ਤੋਂ ਫੜੀ ਗਈ ਨਸ਼ੀਲੇ ਪਦਾਰਥਾਂ ਦੀ ਖੇਪ ਦੀ ਜਾਂਚ ਐਨ ਆਈ ਏ ਕਰ ਰਹੀ ਹੈ। ਡੀ ਐਸ ਪੀ ਫੂਲ ਆਸਵੰਤ ਸਿੰਘ ਧਾਲੀਵਾਲ ਨੇ ਇਸ ਦੀ ਪੁਸ਼ਟੀ ਕਰਦਿਆਂ ਦਸਿਆ ਕਿਹਰਪਿੰਦਰ ਕੁਮਾਰ ਪੁੱਤਰ ਸੋਹਣ ਲਾਲ ਵਾਸੀ ਗਾਂਧੀਨਗਰ ਰਾਮਪੁਰਾ ਫੂਲ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ।

## ਦਿੱਲੀ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਨੂੰ ਮੰਗ ਪੱਤਰ ਦੇਣ ਗਏ ਪੰਥਕ ਆਗੂਆਂ ਨਾਲ ਝੜਪ

ਨਵੀਂ ਦਿੱਲੀ, 17 ਅਗਸਤ (ਪੋਸਟ ਬਿਊਰੋ)- ਦਿੱਲੀ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਨੂੰ ਮੰਗ ਪੱਤਰ ਦੇਣ ਗਏ ਪੰਥਕ ਆਗੂਆਂ ਦੀ ਆਪਸ ਵਿੱਚ ਝੜਪ ਹੋ ਗਈ।

ਵਰਨਣ ਯੋਗ ਹੈ ਕਿ ਇਹ ਪੰਥਕ ਵਫਦ ਨਿੱਜੀ ਤੌਰ ਉੱਤੇ ਹਰਮੀਤ ਸਿੰਘ ਕਾਲਕਾ ਨੂੰ ਮਿਲ ਕੇ ਸ੍ਰੀ ਰਕਾਬ ਗੰਜ ਸਾਹਿਬ ਦੇ ਅਸਥਾਨ ਉੱਤੇ ਭਾਈ ਲੱਖੀ ਸ਼ਾਹ ਵਣਜਾਰਾ ਵਰਗੀ ਪ੍ਰਸਿੱਧ ਸਿੱਖ ਹਸਤੀ ਦੀ ਯਾਦ ਵਿੱਚ ਕਰਵਾਏ ਸਮਾਗਮਾਂ ਵਿੱਚ ਬੇਅਦਬੀ ਦੀਆਂ ਕਾਰਵਾਈਆਂ, ਗੀਤ-ਨਾਚ ਅਤੇ ਬੀੜੀਆਂ-ਸਿਗਰਟਾਂ ਦੇ ਸੇਵਨ ਦਾ ਸਪੱਸ਼ਟੀਕਰਨ ਮੰਗਣ ਗਏ ਸਨ। ਸ਼੍ਰੋਮਣੀ ਅਕਾਲੀ ਦਲ ਦਿੱਲੀ ਦੇ ਪ੍ਰਧਾਨ ਪਰਮਜੀਤ ਸਿੰਘ ਜੀ ਕੇ ਦੀ ਅਗਵਾਈ ਹੇਠਲੇ ਵਫਦ ਨੂੰ ਹਰਮੀਤ ਸਿੰਘ ਕਾਲਕਾ ਨਾਲ ਮਿਲਣ ਨਾ ਦਿੱਤਾ ਗਿਆ ਤਾਂ ਦੋਵਾਂ ਧਿਰਾਂ ਦੀ ਝੜਪ ਹੋਈ। ਸਰਨਾ ਨੇ ਕਿਹਾ ਕਿ ਉਹ ਇਸ ਸੰਬੰਧ ਵਿੱਚ ਸ੍ਰੀ ਅਕਾਲ ਤਖਤ ਦੇ ਜਥੇਦਾਰ ਨੂੰ ਮੰਗ ਪੱਤਰ ਦੇਣਗੇ। ਉਨ੍ਹਾਂ ਦੱਸਿਆ ਕਿ ਭਾਈ ਲੱਖੀ ਸ਼ਾਹ ਵਣਜਾਰਾ ਦੇ 444ਵੇਂ ਪ੍ਰਕਾਸ਼ ਪੁਰਬ ਦੇ ਸਮਾਗਮਾਂ ਮੌਕੇ ਮਹਿਮਾਨਾਂ ਵੱਲੋਂ ਪਵਿੱਤਰ ਅਸਥਾਨ ਉੱਤੇ ਸਿਗਰਟ, ਬੀੜੀ, ਪਾਨ ਦਾ ਸੇਵਨ ਕੀਤਾ ਗਿਆ ਹੈ, ਜਦ ਕਿ ਅਜਿਹੀ ਸਿੱਖ ਸ਼ਖਸੀਅਤ ਦੇ ਜਨਮ ਦਿਹਾੜੇ ਨੂੰ ਮਨਾਉਣ ਦਾ ਪੰਥਕ ਤਰੀਕਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਕੀਰਤਨ ਦਰਬਾਰ ਕਰਵਾਉਣਾ ਹੈ।ਸਰਨਾ ਨੇ ਦੱਸਿਆ ਕਿ ਸ਼੍ਰੋਮਣੀ ਅਕਾਲੀ ਦਲ ਦਿੱਲੀ, ਸ਼੍ਰੋਮਣੀ ਅਕਾਲੀ ਦਲ ਤੇ ਜਾਗੋ ਪਾਰਟੀ ਨਾਲ ਸੰਬੰਧਤ ਦਿੱਲੀ ਕਮੇਟੀ ਮੈਂਬਰ ਅਤੇ ਪਾਰਟੀ ਵਰਕਰ ਇਸ ਮੌਕੇ ਮੌਜੂਦ ਸਨ। ਇਸ ਮੌਕੇ ਹਰਵਿੰਦਰ ਸਿੰਘ ਸਰਨਾ ਨੇ ਹਰਮੀਤ ਸਿੰਘ ਕਾਲਕਾ ਨੂੰ ਕਿਹਾ ਕਿ ਕਿ ਏਦਾਂ ਦੇ ਪ੍ਰੋਗਰਾਮ ਪਹਿਲਾਂ ਵੀ ਹੁੰਦੇ ਰਹੇ ਸਨ ਅਤੇ ਅੱਗੇ ਵੀ ਹੁੰਦੇ ਰਹਿਣਗੇ। ਦਿੱਲੀ ਕਮੇਟੀ ਦੇ ਸਾਬਕਾ ਪ੍ਰਧਾਨ ਮਨਜੀਤ ਸਿੰਘ ਜੀ ਕੇ ਨੇ ਕਿਹਾ ਕਿ ਕਾਲਕਾ ਵੱਲੋਂ ਕੋਈ ਸਾਰਥਕ ਜਵਾਬ ਨਹੀਂ ਮਿਲਿਆ, ਗੁਰੂ ਸਾਹਿਬ ਦੇ ਸ਼ਹੀਦੀ ਅਸਥਾਨ ਉੱਤੇ ਬੇਅਬੀ ਹੋਈ ਹੈ ਜਿਸ ਨੂੰ ਕਾਲਕਾ ਧਿਰ ਮੰਨਣ ਨੂੰ ਤਿਆਰ ਨਹੀਂ ਹੈ, ਜਿਸ ਉੱਤੇ ਸ੍ਰੀ ਅਕਾਲ ਤਖਤ ਸਾਹਿਬ ਨੂੰ ਕਾਰਵਾਈ ਕਰਨੀ ਚਾਹੀਦੀ ਹੈ।

# ਪਾਕਿ ਪੰਜਾਬ ਵਿੱਚ ਸੜਕ ਹਾਦਸੇ ਦੌਰਾਨ 20 ਜਣਿਆਂ ਦੀ ਮੌਤ





ਲਾਹੌਰ, 17 ਜੁਲਾਈ (ਪੋਸਟ ਬਿਊਰੋ)- ਪਾਕਿਸਤਾਨ ਦੇ ਪੰਜਾਬ ਸੂਬੇ ਵਿੱਚ ਕੱਲ੍ਹ ਇੱਕ ਯਾਤਰੀ ਬੱਸ ਅਤੇ ਤੇਲ ਟੈਂਕਰ ਦੀ ਟੱਕਰ ਵਿੱਚ 20 ਲੋਕਾਂ ਦੀ ਮੌਤ ਹੋ ਗਈ। ਇਹ ਓਥੇ ਤਿੰਨ ਦਿਨਾਂ ਵਿੱਚ ਦੂਜਾ ਵੱਡਾ ਸੜਕ ਹਾਦਸਾ ਹੈ।

ਪੁਲਸ ਨੇ ਦੱਸਿਆ ਕਿ ਇਹ ਘਟਨਾ ਲਾਹੌਰ ਤੋਂ ਲਗਭਗ 350 ਕਿਲੋਮੀਟਰ ਦੂਰ ਮੁਲਤਾਨ ਇਲਾਕੇ ਵਿੱਚ ਇੱਕ 'ਮੋਟਰਵੇਅ' ਉੱਤੇ ਵਾਪਰੀ। ਐਮਰਜੈਂਸੀ ਸੇਵਾ 'ਰੈਸਕਿਊ 1122' ਦੇ ਬੁਲਾਰੇ ਨੇ ਦੱਸਿਆ ਕਿ ''ਲਾਹੌਰ ਤੋਂ ਕਰਾਚੀ ਜਾ ਰਹੀ ਬੱਸ ਦੀ ਤੇਲ ਟੈਂਕਰ ਨਾਲ ਟੱਕਰ ਤੋਂ ਬਾਅਦ ਬੱਸ ਨੂੰ ਅੱਗ ਲੱਗ ਜਾਣ ਕਾਰਨ ਸਵਾਰੀਆਂ ਉਸ ਦੀ ਲਪੇਟ ਵਿੱਚ ਆ ਗਈਆਂ। ਅੱਗ ਵਿੱਚ ਝੁਲਸੇ ਛੇ ਯਾਤਰੀਆਂ ਨੂੰ ਮੁਲਤਾਨ ਦੇ ਨਿਸ਼ਤਰ ਹਸਪਤਾਲ ਭਰਤੀ ਕਰਵਾਇਆ ਗਿਆ। ਉਨ੍ਹਾਂ ਦੀ ਹਾਲਤ ਗੰਭੀਰ ਸੁਣੀਂਦੀ ਹੈ।'' ਉਨ੍ਹਾਂ ਕਿਹਾ,''ਹਾਦਸੇ ਵਿੱਚ ਕੁਝ ਲੋਕਾਂ ਦੀਆਂ ਲਾਸ਼ਾਂ ਪੂਰੀ ਤਰ੍ਹਾਂ ਝੁਲਸ ਗਈਆਂ ਤੇ ਉਨ੍ਹਾਂ ਦੀ ਪਛਾਣ ਨਹੀਂ ਹੋ ਸਕੀ। ਉਨ੍ਹਾਂ ਦੀਆਂ ਲਾਸ਼ਾਂ ਨੂੰ ਡੀ ਐਨ ਏ ਟੈਸਟ ਪਿੱਛੋਂ ਪਰਵਾਰ ਨੂੰ ਸੌਂਪਿਆ ਜਾਵੇਗਾ।'' ਉਨ੍ਹਾਂ ਕਿਹਾ ਕਿ ਹਾਦਸੇ ਪਿੱਛੋਂ ਦੋਵੇਂ ਵਾਹਨ ਅੱਗ ਦੀ ਲਪੇਟ ਵਿੱਚ ਆ ਜਾਣ ਕਾਰਨ ਰਿਲੀਫ ਅਤੇ ਫਾਇਰ ਬ੍ਰਿਗੇਡ ਟੀਮਾਂ ਨੂੰ ਬਚਾਅ ਕਾਰਜ ਵਿੱਚ ਮੁਸ਼ਕਲ ਆਈ, ਜਿਸ ਦੌਰਾਨ ਵੀਹ ਲੋਕਾਂ ਦੀ ਮੌਤ ਹੋ ਗਈ।

### ਮੁੱਖ ਮੰਤਰੀ ਗਹਿਲੋਤ ਵੱਲੋਂ ਦੋਸ਼
## ਭਾਜਪਾ ਪੈਸਾ ਲਿਆਉਣ ਲਈ ਨੀਮ ਫ਼ੌਜੀ ਬਲਾਂ ਦੇ ਟਰੱਕ ਵਰਤਦੀ ਹੈ



ਜੈਪੁਰ, 17 ਅਗਸਤ (ਪੋਸਟ ਬਿਊਰੋ)- ਰਾਜਸਥਾਨ ਦੇ ਮੁੱਖ ਮੰਤਰੀ ਅਸ਼ੋਕ ਗਹਿਲੋਤ ਨੇ ਦੋਸ਼ ਲਾਇਆ ਹੈ ਕਿ ਭਾਰਤੀ ਜਨਤਾ ਪਾਰਟੀ ਆਪਣੇ ਦਫਤਰਾਂ ਵਿੱਚ ਗੈਰ ਕਾਨੂੰਨੀ ਪੈਸਾ ਲਿਆਉਣ ਲਈ ਨੀਮ ਫੌਜੀ ਬਲਾਂ ਅਤੇ ਪੁਲਸ ਦੇ ਵਾਹਨਾਂ ਦੀ ਵਰਤੋਂ ਕਰਦੀ ਹੈ। ਦੂਜੇ ਪਾਸੇ ਭਾਜਪਾ ਦੇ ਸੂਬਾ ਪ੍ਰਧਾਨ ਨੇ ਇਨ੍ਹਾਂ ਦੋਸ਼ਾਂ ਨੂੰ ਬੇਬੁਨਿਆਦ ਕਿਹਾ ਹੈ।

ਮੁੱਖ ਮੰਤਰੀ ਅਸ਼ੋਕ ਗਹਿਲੋਤ ਨੇ ਆਜ਼ਾਦੀ ਦਿਹਾੜੇ ਮੌਕੇ ਇੱਥੇ ਸ਼ਹੀਦੀ ਯਾਦਗਾਰ ਉੱਤੇ ਹੋਏ ਇੱਕ ਸਮਾਗਮ ਨੂੰ ਸੰਬੋਧਨ ਕਰਦਿਆਂ ਦੋਸ਼ ਲਾਇਆ ਕਿ ਜਿੱਥੇ ਵੀ ਭਾਜਪਾ ਦੀ ਸਰਕਾਰ ਹੋਵੇ, ਉਥੇ ਨੀਮ ਫੌਜੀ ਬਲਾਂ ਜਾਂ ਪੁਲਸ ਦੇ ਟਰੱਕਾਂ ਦੀ ਵਰਤੋਂ ਪਾਰਟੀ ਦੇ ਹੈਡਕੁਆਰਟਰ ਵਿੱਚ ਪੈਸਿਆਂ ਨਾਲ ਭਰੇ ਬਕਸੇ ਜਮ੍ਹਾਂ ਕਰਨ ਲਈ ਕੀਤੀ ਜਾਂਦੀ ਹੈ। ਉਨ੍ਹਾਂ ਕਿਹਾ ਕਿ ਇਹ ਵਾਹਨ ਪੁਲਸ ਨਾਲ ਸੰਬੰਧਤ ਹੁੰਦੇ ਹਨ, ਇਸ ਲਈ ਇਨ੍ਹਾਂ ਨੂੰ ਕੋਈ ਰੋਕਦਾ ਨਹੀਂ ਅਤੇ ਲੋਕਾਂ ਨੂੰ ਲੱਗਦਾ ਹੈ ਕਿ ਇਹ ਮੱਦਦ ਲਈ ਆਏ ਹਨ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ 500 ਤੇ 1000 ਰੁਪਏ ਦੇ ਨੋਟ ਬੰਦ ਕਰ ਕੇ 2000 ਹਜ਼ਾਰ ਰੁਪਏ ਦੇ ਨੋਟ ਲਿਆਂਦੇ ਸਨ ਤਾਂ ਜੋ ਇਨ੍ਹਾਂ ਦੀ ਢੋਆ-ਢੁਆਈ ਸੌਖੀ ਹੋ ਸਕੇ। ਕਾਂਗਰਸ ਆਗੂ ਨੇ ਕਿਹਾ ਕਿ ਦੇਸ਼ ਵਿੱਚ ਵੱਡੀ ਸਾਜ਼ਿਸ਼ ਰਚੀ ਜਾ ਰਹੀ ਹੈ, ਪਰ ਕਾਂਗਰਸ ਵਰਕਰਾਂ ਨੂੰ ਡਰਨ ਦੀ ਲੋੜ ਨਹੀਂ ਕਿਉਂਕਿ ਆਖਰੀ ਜਿੱਤ ਕਾਂਗਰਸ ਅਤੇ ਇਸ ਦੇ ਵਰਕਰਾਂ ਦੀ ਹੋਵੇਗੀ।

ਦੂਜੇ ਪਾਸੇ ਭਾਜਪਾ ਦੇ ਸੂਬਾ ਪ੍ਰਧਾਨ ਸਤੀਸ਼ ਪੂਨੀਆ ਨੇ ਗਹਿਲੋਤ ਦਾ ਦਾਅਵਾ ਰੱਦ ਕਰਦੇ ਹੋਏ ਕਿਹਾ ਕਿ ਮੁੱਖ ਮੰਤਰੀ ਪੂਰੀ ਤਰ੍ਹਾਂ ਗੈਰ ਜ਼ਿੰਮੇਵਾਰੀ ਵਾਲੀ, ਤਰਕਹੀਣ ਤੇ ਬੇਬੁਨਿਆਦ ਗੱਲ ਕਹਿੰਦੇ ਹਨ। ਉਨ੍ਹਾਂ ਕਿਹਾ, ''ਮੁੱਖ ਮੰਤਰੀ ਨੂੰ ਆਪਣੀ ਕੁਰਸੀ ਜਾਣ ਦਾ ਖ਼ਤਰਾ ਹੈ। ਇਸ ਲਈ ਉਹ ਸਭ ਦਾ ਧਿਆਨ ਭਟਕਾਉਣਾ ਚਾਹੁੰਦੇ ਹਨ।''

# ਫੀਫਾ ਵੱਲੋਂ ਭਾਰਤ ਦੀ ਫੁੱਟਬਾਲ ਫੈਡਰੇਸ਼ਨ ਸਸਪੈਂਡ




ਨਵੀਂ ਦਿੱਲੀ, 17 ਅਗਸਤ (ਪੋਸਟ ਬਿਊਰੋ)- ਵਿਸ਼ਵ ਫੁੱਟਬਾਲ ਦੀ ਸਰਬਉੱਚ ਸੰਸਥਾ ਫੀਫਾ ਨੇ ਤੀਸਰੇ ਪੱਖ ਦੇ ਗੈਰ ਜ਼ਰੂਰੀ ਦਖਲ ਦਾ ਹਵਾਲਾ ਦੇ ਕੇ ਸਰਬ ਭਾਰਤੀ ਫੁੱਟਬਾਲ ਫੈਡਰੇਸ਼ਨ (ਏ ਆਈ ਈ ਐਫ ਐਫ) ਨੂੰ ਸਸਪੈਂਡ ਕਰ ਦਿੱਤਾ ਹੈ ਤੇ ਉਸ ਤੋਂ ਅਕਤੂਬਰ ਵਿੱਚ ਹੋਣ ਵਾਲੇ ਅੰਡਰ 17 ਮਹਿਲਾ ਵਿਸ਼ਵ ਕੱਪ ਦੀ ਮੇਜ਼ਬਾਨੀ ਖੋਹ ਲਈ ਹੈ, ਜਦ ਕਿ ਦਿੱਲੀ ਹਾਈ ਕੋਰਟ ਨੇ ਭਾਰਤੀ ਓਲੰਪਿਕ ਐਸੋਸੀਏਸ਼ਨ (ਆਈ ਓ ਏ) ਦੀ ਕਮਾਨ ਪ੍ਰਸ਼ਾਸਕਾਂ ਦੀ ਕਮੇਟੀ (ਸੀ ਓ ਏ) ਨੂੰ ਸੌਂਪ ਦਿੱਤੀ ਹੈ। ਇਸ ਤੋਂ ਇਲਾਵਾ ਕੌਮਾਂਤਰੀ ਹਾਕੀ ਫੈਡਰੇਸ਼ਨ (ਐਫ ਆਈ ਐਚ) ਦੀ ਹਾਕੀ ਇੰਡੀਆ ਦੀ ਸੀ ਓ ਨਾਲ ਇੱਕ ਬੈਠਕ ਕਰੇਗਾ। ਹਾਕੀ ਇੰਡੀਆ ਉੱਤੇ ਵੀ ਸਸਪੈਂਸ਼ਨ ਦਾ ਖ਼ਤਰਾ ਹੈ।

ਫੀਫਾ ਕੌਂਸਲ ਬਿਊਰੋ ਨੇ ਤੀਜੇ ਪੱਖ ਦੇ ਗੈਰ ਜ਼ਰੂਰੀ ਪ੍ਰਭਾਵ ਕਾਰਨ ਪਰਸੋਂ ਏ ਆਈ ਐਫ ਐਫ ਨੂੰ ਤੁਰੰਤ ਪ੍ਰਭਾਵ ਨਾਲ ਸਸਪੈਂਡ ਕਰਨ ਦਾ ਫੈਸਲਾ ਕੀਤਾ ਅਤੇ ਕਿਹਾ ਸੀ ਕਿ ਇਹ ਨਿਯਮਾਂ ਦੀ ਗੰਭੀਰ ਉਲੰਘਣਾ ਹੈ। ਇਸ ਦੀ ਸਸਪੈਂਸ਼ਨ ਤਦ ਹਟੇਗੀ, ਜਦੋਂ ਏ ਆਈ ਐਫ ਐਫ ਕਾਰਜਕਾਰੀ ਕਮੇਟੀ ਦੀ ਥਾਂ ਸੀ ਓ ਏ ਬਣਾਉਣ ਦਾ ਫੈਸਲਾ ਵਾਪਸ ਲਿਆ ਜਾਵੇਗਾ ਅਤੇ ਏ ਆਈ ਐਫ ਐਫ ਪ੍ਰਸ਼ਾਸਨ ਨੂੰ ਫੈਡਰੇਸ਼ਨ ਦੇ ਰੋਜ਼ ਦੇ ਕੰਮ ਦਾ ਪੂਰਾ ਕੰਟਰੋਲ ਕੀਤਾ ਜਾਵੇਗਾ।

ਆਈ ਓ ਏ ਅਤੇ ਰਾਸ਼ਟਰੀ ਖੇਡ ਸੰਗਠਨ (ਐਨ ਐਸ ਐਫ) ਨਾਲ ਜੁੜੀ ਇੱਕ ਪਟੀਸ਼ਨ ਉੱਤੇ 12 ਸਾਲ ਤੋਂ ਵੱਧਲੰਮੀ ਸੁਣਵਾਈ ਪਿੱਛੋਂ ਦਿੱਲੀ ਹਾਈ ਕੋਰਟ ਨੇ ਕੱਲ੍ਹ ਅਹਿਮ ਫੈਸਲਾ ਸੁਣਾਇਆ। ਜਸਟਿਸ ਨਜਮੀ ਵਜ਼ੀਰੀ ਤੇ ਜਸਟਿਸ ਮਨਮੋਹਨ ਦੇ ਬੈਂਚ ਨੇ ਖੇਡ ਜ਼ਾਬਤੇ ਦੀ ਉਲੰਘਣਾ ਕਰਨ ਵਾਲੇ ਆਈ ਓ ਏ ਦੀ ਕਮਾਨ ਸੀ ਓ ਏ ਨੂੰ ਸੌਂਪਦੇ ਹੋਏ ਕਿਹਾ ਕਿ ਬਿਹਤਰ ਖੇਡ ਪ੍ਰਸ਼ਾਸਨ ਲਈ ਕਾਨੂੰਨੀ ਵਿਵਸਥਾ ਨੂੰ ਪੂਰੀ ਤਰ੍ਹਾਂ ਤੇ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨਾ ਹੈ। ਫੀਫਾ ਤੇ ਬਾਕੀ ਸੰਸਾਰ ਖੇਡ ਸੰਸਥਾਵਾਂ ਭਾਰਤੀ ਖੇਡ ਸੰਸਥਾਵਾਂ ਵਿੱਚ ਤੀਜੇ ਪੱਖ ਦੇ ਦਖਲ ਦਾ ਹਮੇਸ਼ਾ ਵਿਰੋਧ ਕਰਦੀਆਂ ਹਨ। ਤੀਜੇ ਪੱਖ ਵਿੱਚ ਦੇਸ਼ ਦੀ ਸਰਕਾਰ, ਅਦਾਲਤ ਅਤੇ ਐਨ ਐਸ ਐਫ ਦੇ ਸੰਵਿਧਾਨ ਵਿੱਚ ਅਣਅਧਿਕਾਰਤ ਸੋਧ ਸ਼ਾਮਲ ਹੈ।

# ਛੇ ਇੰਜਣਾਂ ਵਾਲੀ 3.5 ਕਿਲੋਮੀਟਰ ਲੰਬੀ ਮਾਲ ਗੱਡੀ ਦੌੜਦੀ ਗਈ



ਬਿਲਾਸਪੁਰ, 17 ਅਗਸਤ (ਪੋਸਟ ਬਿਊਰੋ)- ਲਗਾਤਾਰ ਨਵੀਨਤਾ ਹਾਸਲ ਕਰ ਰਹੀ ਭਾਰਤੀ ਰੇਲਵੇ ਨੇ ਆਜ਼ਾਦੀ ਦਿਨ ਮੌਕੇ ਇੱਕ ਹੋਰ ਇਤਿਹਾਸਕ ਪ੍ਰਾਪਤੀ ਕੀਤੀ ਹੈ। ਦੱਖਣ-ਪੂਰਬੀ ਮੱਧ ਰੇਲਵੇ ਜ਼ੋਨ ਬਿਲਾਸਪੁਰ ਤੋਂ 15 ਅਗਸਤ ਨੂੰ 3.5 ਕਿਲੋਮੀਟਰ ਲੰਬੀ ਅਜਿਹੀ ਰੇਲ ਗੱਡੀ ਚਲਾਈ ਹੈ, ਜਿਸ ਵਿੱਚ ਛੇ ਇੰਜਣ ਅਤੇ 295 ਵੈਗਨ ਸਨ।

ਇਸ ਮਾਲ ਗੱਡੀ ਵਿੱਚ 27000 ਟਨ ਤੋਂ ਵੱਧੇਰੇ ਕੋਲਾ ਲੱਦਿਆ ਸੀ, ਜੋ ਛੱਤੀਸਗੜ੍ਹ ਵਿਚਲੇ ਕੋਰਬਾ ਤੋਂ 260 ਕਿਲੋਮੀਟਰ ਦੂਰ ਰਾਜਨਾਂਦਗਾਂਵ ਦੇ ਪਰਮਕਲਾ ਤਕ 11 ਘੰਟੇ 20 ਮਿੰਟ ਵਿੱਚ ਪਹੁੰਚ ਗਿਆ। ਇਸ ਤੋਂ ਰੇਲਵੇ ਨੂੰ ਮਾਲ ਭਾੜੇ ਦੇ ਰੂਪ ਵਿੱਚ 2.54 ਕਰੋੜ ਰੁਪਏ ਮਿਲੇ।ਪੰਜ ਮਾਲ ਗੱਡੀਆਂ ਜੋੜ ਕੇ ਬਣਾਈ ਇਸ ਮਾਲ ਗੱਡੀ ਦਾ ਨਾਂਅ ਰੇਲਵੇ ਨੇ ਸੁਪਰ ਵਾਸੂਕੀ ਰੱਖਿਆ ਹੈ। ਕੇਂਦਰੀ ਰੇਲ ਮੰਤਰੀ ਅਸ਼ਵਨੀ ਵੈਸ਼ਣਵ ਨੇ ਇਸ ਪ੍ਰਾਪਤੀ ਨੂੰ ਟਵਿੱਟਰ ਹੈਂਡਲ ਉੱਤੇ ਵੀ ਸਾਂਝਾ ਕੀਤਾ ਅਤੇ ਇਸ ਨੂੰ ਦੇਸ਼ ਦੀ ਸਭ ਤੋਂ ਲੰਬੀ ਮਾਲ ਗੱਡੀ ਦੱਸਿਆ। ਇਸ ਤੋਂ ਪਹਿਲਾਂ 22 ਜਨਵਰੀ 2021 ਨੂੰ ਪੰਜ ਖਾਲੀ ਮਾਲ ਗੱਡੀਆਂ ਜੋੜ ਕੇ ਭਿਲਾਈ ਤੋਂ ਕੋਰਬਾ ਲਿਆਂਦੀਆਂ ਗਈਆਂ ਸੀ। ਇਸ ਨੂੰ ਵਾਸੁਕੀ ਨਾਂਅ ਦਿੱਤਾ ਗਿਆ ਸੀ। ਰੇਲਵੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਇਕੱਠੀਆਂ ਤਿੰਨ ਜਾਂ ਪੰਜ ਮਾਲ ਗੱਡੀਆਂ ਨੂੰ ਜੋੜ ਕੇ ਚਲਾਉਣ ਨਾਲ ਨਾ ਕੇਵਲ ਸਟਾਫ ਦੀ ਬਚਤ ਹੁੰਦੀ ਹੈ, ਸਗੋਂ ਰੇਲਵੇ ਟਰੈਕ ਉੱਤੇ ਆਵਾਜਾਈ ਦਾ ਦਬਾਅ ਵੀ ਘੱਟ ਹੁੰਦਾ ਹੈ।

## ਬੈਂਕਾਂ ਵਿੱਚ ਬਿਨਾਂ ਦਾਅਵੇਦਾਰਾਂ ਦੇ ਚਾਲੀ ਹਜ਼ਾਰ ਕਰੋੜ ਲਾਵਾਰਸ ਪਏ

ਨਵੀਂ ਦਿੱਲੀ, 17 ਅਗਸਤ (ਪੋਸਟ ਬਿਊਰੋ)- ਸੁਪਰੀਮ ਕੋਰਟ ਨੇ ਇੱਕ ਪਟੀਸ਼ਨ ਉੱਤੇ ਕੇਂਦਰ ਸਰਕਾਰ, ਆਰ ਬੀ ਆਈ (ਰਿਜ਼ਰਵ ਬੈਂਕ ਆਫ ਇੰਡੀਆ) ਅਤੇ ਹੋਰ ਸੰਬੰਧਤ ਅਦਾਰਿਆਂ ਨੂੰ ਨੋਟਿਸ ਜਾਰੀ ਕੀਤਾ ਹੈ।

ਮਿਲੀ ਜਾਣਕਾਰੀ ਅਨੁਸਾਰ ਇਸ ਪਟੀਸ਼ਨ ਵਿੱਚ ਨਿਵੇਸ਼ਕਾਂ ਅਤੇ ਜਮ੍ਹਾਂਕਾਰਾਂ ਦੀ ਮੌਤ ਪਿੱਛੋਂ ਲਾਵਾਰਸ ਪੈਸੇ ਦਾ ਮੁੱਦਾ ਉਠਾਇਆ ਗਿਆ ਹੈ, ਜਿਸ ਨੂੰ ਵੱਖ-ਵੱਖ ਰੈਗੂਲੇਟਰਾਂ ਨੇ ਆਪਣੇ ਕਬਜ਼ੇ ਵਿੱਚ ਲੈ ਲਿਆ ਹੈ ਤੇ ਇਹ ਰਕਮ ਕਦੇ ਵੀ ਉਨ੍ਹਾਂ ਦੇ ਕਾਨੂੰਨੀ ਵਾਰਸਾਂ ਤਕ ਨਹੀਂ ਪਹੁੰਚਦੀ ਹੈ।ਸੁਪਰੀਮ ਕੋਰਟ ਵਿੱਚ ਪਟੀਸ਼ਨਰ ਵਕੀਲ ਪ੍ਰਸ਼ਾਂਤ ਭੂਸ਼ਣ ਪੇਸ਼ ਹੋ ਰਹੇ ਹਨ। ਇਸ ਪਟੀਸ਼ਨ ਵਿੱਚ ਭਾਰਤੀ ਰਿਜ਼ਰਵ ਬੈਂਕ (ਆਰ ਬੀ ਆਈ) ਦੀ ਅਗਵਾਈ ਵਾਲੀ ਇੱਕ ਕੇਂਦਰੀਕ੍ਰਿਤ ਡੇਟਾ ਵੈਬਸਾਈਟ ਦੀ ਲੋੜ ਉੱਤੇ ਵੀ ਜ਼ੋਰ ਦਿੱਤਾ ਗਿਆ ਹੈ, ਜਿਸ ਵਿੱਚ ਮ੍ਰਿਤਕ ਬੈਂਕ ਖਾਤਾ ਹੋਲਡਰਾਂ ਦੀ ਮੁੱਢਲੀ ਜਾਣਕਾਰੀ ਦਿੱਤੀ ਜਾਵੇਗੀ।ਇਸ ਲਈ ਪਟੀਸ਼ਨ ਵਿੱਚ ਬੈਂਕ ਖਾਤਿਆਂ, ਪੋਸਟ ਆਫਿਸ ਫੰਡ ਆਦਿ ਦੀ ਰਕਮ ਦਾ ਦਾਅਵਾ ਕਰਨ ਦੀ ਪ੍ਰਕਿਰਿਆ ਨੂੰ ਸਰਲ ਬਣਾਉਣ ਦੀ ਵੀ ਮੰਗ ਕੀਤੀ ਗਈ ਹੈ। ਪਟੀਸ਼ਨ ਵਿੱਚ ਸੁਪਰੀਮ ਕੋਰਟ ਨੂੰ ਨਿਰਦੇਸ਼ ਜਾਰੀ ਕਰਨ ਦੀ ਬੇਨਤੀ ਕੀਤੀ ਗਈ ਹੈ ਤਾਂ ਜੋ ਜਨਤਕ ਲਾਵਾਰਸ ਫੰਡ ਦੀ ਰਕਮ ਨੂੰ ਸਰਕਾਰੀ ਫੰਡ ਵਿੱਚ ਜਾਣੋਂ ਰੋਕਿਆ ਜਾ ਸਕੇ।

### ਉਚ ਜਾਤੀ ਦੇ ਘੜੇ ਵਿੱਚੋਂ ਪਾਣੀ ਪੀਣ ਦਾ ਮਾਮਲਾ:
## ਵਿਦਿਆਰਥੀ ਦੇ ਕਤਲ ਦੇ ਵਿਰੋਧ ਵਿੱਚ 12 ਕਾਂਗਰਸੀ ਕੌਂਸਲਰਾਂ ਵੱਲੋਂ ਅਸਤੀਫਾ

ਜੈਪੁਰ, 17 ਜੁਲਾਈ (ਪੋਸਟ ਬਿਊਰੋ)- 20 ਜੁਲਾਈ ਨੂੰ ਰਾਜਸਥਾਨ ਦੇ ਜਲੌਰ ਦੇ ਸੁਰਾਣਾ ਪਿੰਡ ਵਿੱਚ ਨਿੱਜੀ ਸਕੂਲ ਦੇ ਇੰਦਰਾ ਮੇਘਵਾਲ ਨਾਮੀ ਦਲਿਤ ਵਿਦਿਆਰਥੀ ਦੀ ਮੌਤ ਦਾ ਮਾਮਲਾ ਤੂਲ ਫੜ ਗਿਆ ਹੈ। ਵਿਦਿਆਰਥੀ ਦੀ 13 ਅਗਸਤ ਨੂੰ ਅਹਿਮਦਾਬਾਦ ਦੇ ਹਸਪਤਾਲ ਵਿੱਚ ਮੌਤ ਹੋ ਗਈ ਸੀ।

ਹੈਡਮਾਸਟਰ ਨੇ ਵਿਦਿਆਰਥੀ ਦੀ ਸਿਰਫ਼ ਇਸ ਲਈ ਕੁੱਟਮਾਰ ਕੀਤੀ ਕਿ ਉਸ ਨੇ ਉਚ ਜਾਤੀ ਦੇ ਬੱਚਿਆਂ ਅਤੇ ਅਧਿਆਪਕਾਂ ਲਈ ਰੱਖੇ ਘੜੇ ਵਿੱਚੋਂ ਪਾਣੀ ਪੀਤਾ ਸੀ। ਇਸ ਦੇ ਵਿਰੋਧ ਬਾਰਾਂ ਨਗਰ ਕੌਂਸਲ ਦੇ 12 ਕਾਂਗਰਸੀ ਕੌਂਸਲਰਾਂ ਨੇ ਅਸਤੀਫੇ ਭੇਜ ਦਿੱਤੇ ਹਨ। ਉਨ੍ਹਾਂ ਨੇ ਪਾਰਟੀ ਦੇ ਬਾਰਨ-ਅਟਰੂ ਵਿਧਾਇਕ ਪੰਨਾ ਚੰਦ ਮੇਘਵਾਲ ਦਾ ਸਮਰਥਨ ਕੀਤਾ, ਜਿਸ ਨੇ ਕੱਲ੍ਹ ਮੁੱਖ ਮੰਤਰੀ ਅਸ਼ੋਕ ਗਹਿਲੋਤ ਨੂੰ ਅਸਤੀਫ਼ਾ ਭੇਜਦੇ ਹੋਏ ਕਿਹਾ ਕਿ ਜੇ ਉਹ ਆਪਣੇ ਭਾਈਚਾਰੇ ਦੀ ਰਾਖੀ ਨਹੀਂ ਕਰ ਸਕਦੇ ਤਾਂ ਉਨ੍ਹਾਂ ਨੂੰ ਵਿਧਾਇਕ ਬਣੇ ਰਹਿਣ ਦਾ ਅਧਿਕਾਰ ਨਹੀਂ ਹੈ।

ਨੈਸ਼ਨਲ ਕਮਿਸ਼ਨ ਫਾਰ ਪ੍ਰੋਟੈਕਸ਼ਨ ਆਫ ਚਾਈਲਡ ਰਾਈਟਸ ਨੇ ਜ਼ਿਲ੍ਹਾ ਮੈਜਿਸਟਰੇਟ ਨੂੰ ਲਿਖੇ ਪੱਤਰ ਵਿੱਚ ਕਿਹਾ ਹੈ ਕਿ ਮਾਮਲਾ ਗੰਭੀਰ ਹੈ ਤੇ ਸੱਤ ਦਿਨਾਂ ਅੰਦਰ ਕੇਸ ਅਤੇ ਪ੍ਰਸ਼ਾਸਨ ਤੇ ਪੁਲਸ ਤੋਂ ਮੁਲਜ਼ਮਾਂ ਖਿਲਾਫ਼ ਕਾਰਵਾਈ ਦੇ ਵੇਰਵੇ ਮੰਗੇ ਹਨ। ਰਾਜਸਥਾਨ ਦੇ ਸਿੱਖਿਆ ਮੰਤਰੀ ਬੀ ਡੀ ਕਾਲਾ ਨੇ ਕਿਹਾ ਕਿ ਸਰਕਾਰ ਉਸ ਨਿੱਜੀ ਸਕੂਲ ਦੀ ਮਾਨਤਾ ਰੱਦ ਕਰਨ ਲੱਗੀ ਹੈ, ਜਿੱਥੇ ਇਹ ਘਟਨਾ ਵਾਪਰੀ ਸੀ।

## 'ਤਲਾਕ-ਏ-ਹਸਨ' ਤਿੰਨ ਤਲਾਕ ਵਰਗਾ ਨਹੀਂ, ਔਰਤਾਂ ਕੋਲ 'ਖੁਲ੍ਹਾਂ' ਦਾ ਬਦਲ ਹੈ: ਸੁਪਰੀਮ ਕੋਰਟ



ਨਵੀਂ ਦਿੱਲੀ, 17 ਜੁਲਾਈ (ਪੋਸਟ ਬਿਊਰੋ)- ਭਾਰਤ ਦੀ ਸੁਪਰੀਮ ਕੋਰਟ ਨੇ ਕਿਹਾ ਹੈ ਕਿ ਮੁਸਲਮਾਨਾਂ ਵਿੱਚ 'ਤਲਾਕ-ਏ-ਹਸਨ' ਨਾਲ ਤਲਾਕ ਦੇਣ ਦੀ ਪ੍ਰਥਾ ਤਿੰਨ ਤਲਾਕ ਵਰਗੀ ਨਹੀਂ ਤੇ ਔਰਤਾਂ ਕੋਲ 'ਖੁਲ੍ਹਾ' ਦਾ ਬਦਲ ਹੈ। ਤਿੰਨ ਤਲਾਕ ਵਾਂਗ 'ਤਲਾਕ-ਏ-ਹਸਨ' ਵੀ ਤਲਾਕ ਦੇਣ ਦਾ ਇੱਕ ਤਰੀਕਾ ਹੈ, ਪਰ ਇਸ ਵਿੱਚ ਤਿੰਨ ਮਹੀਨੇ ਵਿੱਚ ਤਿੰਨ ਵਾਰ ਇੱਕ ਮਿੱਥੇ ਸਮੇਂ ਤੋਂ ਬਾਅਦ ਤਲਾਕ ਕਹਿ ਕੇ ਰਿਸ਼ਤਾ ਖਤਮ ਕਰ ਦਿੱਤਾ ਜਾਂਦਾ ਹੈ। ਇਸਲਾਮ ਵਿੱਚ ਮਰਦ 'ਤਲਾਕ' ਲੈ ਸਕਦਾ ਹੈ, ਜਦਕਿ ਔਰਤ 'ਖੁਲ੍ਹਾਂ' ਰਾਹੀਂ ਆਪਣੇ ਪਤੀ ਤੋਂ ਵੱਖ ਹੋ ਸਕਦੀ ਹੈ।

ਜਸਟਿਸ ਐਸ ਕੇ ਕੌਲ ਅਤੇ ਜਸਟਿਸ ਐਮ ਐਮ ਸੁੰਦਰੇਸ਼ ਦੀ ਬੈਂਚ ਨੇ ਕਿਹਾ ਕਿ ਜੇਕਰ ਪਤੀ-ਪਤਨੀ ਇਕੱਠੇ ਨਹੀਂ ਰਹਿ ਸਕਦੇ ਤਾਂ ਰਿਸ਼ਤਾ ਤੋੜਨ ਦੇ ਇਰਾਦੇ ਵਿੱਚ ਕੋਈ ਬਦਲਾਅ ਨਾ ਹੋਣ ਉੱਤੇ ਸੰਵਿਧਾਨ ਦੀ ਧਾਰਾ 142 ਤਹਿਤ ਤਲਾਕ ਦਿੱਤਾ ਜਾ ਸਕਦਾ ਹੈ। ਬੈਂਚ 'ਤਲਾਕ-ਏ-ਹਸਨ' ਅਤੇ ''ਇੱਕ ਪਾਸੜ ਗੈਰ ਨਿਆਂ ਤਲਾਕ ਦੇ ਹੋਰ ਸਾਰੇ ਰੂਪਾਂ ਨੂੰ ਗੈਰ-ਕਾਨੂੰਨੀ ਅਤੇ ਗੈਰ-ਸੰਵਿਧਾਨਕ'' ਐਲਾਨ ਕਰਨ ਦੀ ਮੰਗ ਦੀ ਪਟੀਸ਼ਨ ਉੱਤੇ ਸੁਣਵਾਈ ਕਰ ਰਿਹਾ ਸੀ। ਪਟੀਸ਼ਨ ਵਿੱਚ ਕਿਹਾ ਗਿਆ ਹੈ ਕਿ ਤਲਾਕ ਦੇ ਇਹ ਤਰੀਕੇ 'ਮਨਮਾਨੇ, ਅਸੰਗਤ ਤੇ ਬੁਨਿਆਦੀ ਅਧਿਕਾਰਾਂ ਦੀ ਉਲੰਘਣਾ ਕਰਦੇ ਹਨ।' ਬੈਂਚ ਨੇ ਕਿਹਾ ਕਿ ਇਹ ਉਸ ਤਰ੍ਹਾਂ ਦਾ ਤਿੰਨ ਤਲਾਕ ਨਹੀਂ। ਵਿਆਹ ਇੱਕ ਤਰ੍ਹਾਂ ਦਾ ਕਰਾਰ ਹੋਣ ਕਾਰਨ ਤੁਹਾਡੇ ਕੋਲ ਖੁੱਲ੍ਹਾਂ ਦਾ ਬਦਲ ਹੈ। ਜੇ ਦੋ ਵਿਅਕਤੀ ਇਕੱਠੇ ਨਹੀਂ ਰਹਿ ਸਕਦੇ, ਤਾਂ ਵਿਆਹ ਨੂੰ ਤੋੜਨ ਦਾ ਇਰਾਦਾ ਨਾ ਬਦਲਣ ਦੇ ਆਧਾਰ ਉੱਤੇ ਤਲਾਕ ਦੀ ਇਜਾਜ਼ਤ ਅਸੀਂ ਵੀ ਦਿੰਦੇ ਹਾਂ। ਜੇ 'ਮੇਹਰ' (ਲਾੜੇ ਵੱਲੋਂ ਨਗਦ ਜਾਂ ਹੋਰ ਰੂਪ ਵਿੱਚ ਦਿੱਤੇ ਤੋਹਫ਼ਾ) ਦਿੱਤਾ ਜਾਂਦਾ ਹੈ ਤਾਂ ਕੀ ਤੁਸੀਂ ਆਪਸੀ ਸਹਿਮਤੀ ਨਾਲ ਤਲਾਕ ਲਈ ਤਿਆਰ ਹੋ?''

## ਭਾਜਪਾ ਆਗੂ ਵੱਲੋਂ ਮੁਸਲਿਮ ਫਿਰਕੇ ਦੇ ਨੌਜਵਾਨਾਂ ਨੂੰ ਚੇਤਾਵਨੀ



ਬੇਂਗਲੁਰੂ, 17 ਜੁਲਾਈ (ਪੋਸਟ ਬਿਊਰੋ)- ਕਰਨਾਟਕ ਦੇ ਸਾਬਕਾ ਮੰਤਰੀ ਤੇ ਭਾਰਤੀ ਜਨਤਾ ਪਾਰਟੀ ਦੇ ਸੀਨੀਅਰ ਨੇਤਾ ਐਸ ਈ ਈਸ਼ਵਰੱਪਾ ਨੇ ਸੁਤੰਤਰਤਾ ਦਿਵਸ ਉੱਤੇ ਮੈਂਬਰਾਂ ਵਿਚਾਲੇ ਸੰਘਰਸ਼ ਦੇ ਬਾਅਦ ਸ਼ਿਵਮੋਗਾ ਵਿੱਚ ਵਧਦੇ ਤਣਾਅ ਦੌਰਾਨ ਕੱਲ੍ਹ ਮੁਸਲਮਾਨ ਨੌਜਵਾਨਾਂ ਨੂੰ ਗੁੰਡਾਗਰਦੀ ਕਰਨ ਉੱਤੇ ਚੇਤਾਵਨੀ ਦਿੱਤੀ।

ਈਸ਼ਵਰੱਪਾ ਨੇ ਕਿਹਾ ਕਿ ਸਾਡੀ ਸਰਕਾਰ ਸ਼ਾਂਤੀ ਰੱਖਣ ਦੇ ਹਰ ਸਭ ਯਤਨ ਕਰ ਰਹੀ ਹੈ। ਮੈਂ ਇਹ ਨਹੀਂ ਕਹਿੰਦਾ ਕਿ ਸਾਰੇ ਹਿੰਦੂ ਅਤੇ ਮੁਸਲਮਾਨ ਸ਼ਾਂਤੀ ਭੰਗ ਕਰਨ ਵਿੱਚ ਸ਼ਾਮਲ ਹਨ। ਹਿੰਦੂ ਸਮਾਜ ਮਜ਼ਬੂਤ ਹੈ, ਕਮਜ਼ੋਰ ਨਹੀਂ ਹੈ। ਜੇ ਹਿੰਦੂ ਸਮਾਜ ਜਾਗਦਾ ਹੈ ਤਾਂ ਮੁਸਲਮ ਗੁੰਡੇ ਉਨ੍ਹਾਂ ਸਾਹਮਣੇ ਨਹੀਂ ਟਿਕਣਗੇ, ਪਰ ਹਿੰਦੂ ਸਮਾਜ ਕਾਨੂੰਨ ਨੂੰ ਆਪਣੇ ਹੱਥ ਨਹੀਂ ਲੈਣਾ ਚਾਹੁੰਦਾ। ਇਸ ਲਈ ਉਨ੍ਹਾਂ ਨੇ ਕਾਰਵਾਈ ਕਰਨ ਲਈ ਇਸ ਨੂੰ ਸਰਕਾਰ ਉੱਤੇ ਛੱਡ ਦਿੱਤਾ ਹੈ।

ਸ਼ਿਵਮੋਗਾ ਵਿੱਚ ਕੱਲ੍ਹ ਸਾਵਰਕਰ ਦੇ ਫਲੈਕਸ ਤੋੜਨ ਦੇ ਦੋਸ਼ ਵਿੱਚ ਇੱਕ ਵਿਅਕਤੀ ਨੂੰ ਸੀਖਾਂ ਦੇ ਪਿੱਛੇ ਭੇਜਿਆ ਗਿਆ ਹੈ। ਉਨ੍ਹਾਂ ਕਿਹਾ ਕਿ ਪੁਲਸ ਨੇ ਇੱਕ ਹੋਰ ਬੰਦੇ ਦੇ ਪੈਰ ਵਿੱਚ ਓਦੋਂ ਗੋਲੀ ਮਾਰੀ, ਜਦੋਂ ਉਸ ਨੇ ਪੁਲਸ ਵਾਲੇ ਉੱਤੇ ਚਾਕੂ ਨਾਲ ਹਮਲੇ ਦੀ ਕੋਸ਼ਿਸ਼ ਕੀਤੀ। ਈਸ਼ਵਰੱਪਾ ਨੇ ਕਿਹਾ ਕਿ ਇਹ ਪੁਲਸ ਵੱਲੋਂ ਦਿਖਾਇਆ ਇੱਕ ਨਮੂਨਾ ਹੈ।




# ਚੀਨ ਦਾ ਜਾਸੂਸੀ ਬੇੜਾ ਯੂਆਨ ਵਾਂਗ-5 ਸ੍ਰੀਲੰਕਾ ਜਾ ਪੁੱਜਾ



ਨਵੀਂ ਦਿੱਲੀ, 17 ਅਗਸਤ (ਪੋਸਟ ਬਿਊਰੋ)- ਭਾਰਤ ਵੱਲੋਂ ਬਾਕਾਇਦਾ ਤੌਰ ਉੱਤੇ ਇਤਰਾਜ਼ ਦੇ ਬਾਵਜੂਦ ਸ੍ਰੀਲੰਕਾ ਦੀ ਸਰਕਾਰ ਵੱਲੋਂ ਚੀਨ ਦੇ ਜਾਸੂਸੀ ਬੇੜੇ ਯੂਆਨ ਵਾਂਗ-5 ਨੂੰ ਆਪਣੀ ਬੰਦਰਗਾਹ ਉੱਤੇ ਆਉਣੋਂ ਨਹੀਂ ਰੋਕ ਸਕੀ। ਕੱਲ੍ਹ ਸਵੇਰੇ ਬੇਹੱਦ ਆਧੁਨਿਕ ਅਤੇ ਤਕਨੀਕੀ ਤੌਰ ਉੱਤੇ ਉਨਤ ਇਹ ਬੇੜਾ ਹੰਬਨਟੋਟਾ ਬੰਦਰਗਾਹ ਜਾ ਪੁੱਜਾ।

ਇਸ ਦੇ ਬਾਅਦ ਭਾਰਤ ਨੇ ਹਾਲੇ ਕੋਈ ਪ੍ਰਤੀਕਿਰਿਆ ਨਹੀਂ ਦਿੱਤੀ। ਇੱਕ ਦਿਨ ਪਹਿਲਾਂ ਸ੍ਰੀਲੰਕਾ ਨੂੰ ਡੋਰਨੀਅਰ ਟੋਹੀ ਜਹਾਜ਼ ਸੌਂਪ ਕੇ ਭਾਰਤ ਨੇ ਜਤਾਇਆ ਸੀ ਕਿ ਉਹ ਕਾਹਲੀ ਵਿੱਚ ਕੋਈ ਕਦਮ ਨਹੀਂ ਉਠਾਵੇਗਾ। ਚੀਨ ਬਾਰੇ ਗੁਆਂਢੀ ਦੇਸ਼ ਦਾ ਵਤੀਰਾ ਵੇਖ ਕੇ ਭਾਰਤ ਅਗਲਾ ਕਦਮ ਚੁੱਕੇਗਾ। ਜਾਣਕਾਰਾਂ ਦੇ ਮੁਤਾਬਕ ਸ੍ਰੀਲੰਕਾ ਨੇ ਭਾਰਤ ਦੀਆਂ ਚਿੰਤਾਵਾਂ ਨੂੰ ਨਜ਼ਰ ਅੰਦਾਜ਼ ਕਰ ਕੇ ਇਹ ਸੰਦੇਸ਼ ਦਿੱਤਾ ਹੈ ਕਿ ਉਹ ਆਰਥਿਕ ਹਿੱਤਾਂ ਲਈ ਇਸ ਖੇਤਰ ਦੇ ਦੋਵੇਂ ਵੱਡੇ ਦੇਸ਼ਾਂ ਚੀਨ ਤੇ ਭਾਰਤ ਵਿਚਾਲੇ ਦੂਵੱਲੀ ਸਾਂਝ ਰੱਖਦਾ ਰਹੇਗਾ।

ਚੀਨ ਦੇ ਇਸ ਖੁਫੀਆ ਬੇੜੇ ਨੇ ਪਹਿਲਾਂ 11 ਅਗਸਤ ਨੂੰ ਹੰਬਨਟੋਟਾ ਪਹੁੰਚਣਾ ਸੀ, ਪਰ ਭਾਰਤ ਦੇ ਇਤਰਾਜ਼ਾਂ ਤੋਂ ਬਾਅਦ ਸ੍ਰੀਲੰਕਾ ਨੇ ਪਹਿਲਾਂ ਇਸ ਨੂੰ ਮਨਜ਼ੂਰੀ ਦੇਣ ਤੋਂ ਮਨ੍ਹਾ ਕਰ ਦਿੱਤਾ ਸੀ। ਚਾਰ ਦਿਨ ਇਹ ਸ੍ਰੀਲੰਕਾ ਦੀ ਸਮੁੰਦਰੀ ਹੱਦ ਦੇ ਬਾਹਰ ਖੜ੍ਹਾ ਰਿਹਾ। ਦੱਸਿਆ ਗਿਆ ਹੈ ਕਿ ਸ੍ਰੀਲੰਕਾ ਨੇ ਇਸ ਸ਼ਰਤ ਉੱਤੇ ਮਨਜ਼ੂਰੀ ਦਿੱਤੀ ਕਿ ਇਹ ਬੇੜਾ ਕੋਈ ਖੋਜ ਕਾਰਜ ਉਸ ਦੀ ਬੰਦਰਗਾਹ ਵਿੱਚ ਨਹੀਂ ਕਰੇਗਾ।

ਓਧਰ ਅਮਰੀਕਾ ਦੇ ਰੱਖਿਆ ਮੰਤਰਾਲੇ ਦਾ ਕਹਿਣਾ ਹੈ ਕਿ ਇਹ ਬੇੜਾ ਚੀਨ ਦੀ ਫੌਜ (ਪੀ ਐਲ ਏ) ਅਧੀਨ ਕੰਮ ਕਰਦਾ ਹੈ ਤੇ ਪੂਰੀ ਤਰ੍ਹਾਂ ਸੈਟੇਲਾਈਟ ਤੇ ਮਿਜ਼ਾਈਲੀ ਸਰਗਰਮੀਆਂ ਦੀ ਟੋਹ ਲੈ ਸਕਦਾ ਹੈ। ਦੇਸ਼ ਦੇ ਮੁੱਖ ਕੂਟਨੀਤਕ ਵਿਸ਼ਲੇਸ਼ਕ ਬ੍ਰਹਮਾ ਚੇਲਾਨੀ ਨੇ ਇਸ ਨੂੰ ਗੁਆਂਢੀ ਦੇਸ਼ਾਂ ਵਿੱਚ ਭਾਰਤ ਦੇ ਘਟਦੇ ਦਬਦਬੇ ਦੀ ਗੱਲ ਦੱਸ ਕੇ ਕਿਹਾ ਹੈ ਕਿ ਆਰਥਿਕ ਤੌਰ ਉੱਤੇ ਕੰਗਾਲ ਦੇਸ਼ ਸ੍ਰੀਲੰਕਾ ਨੇ ਚੀਨ ਦੇ ਬੇੜੇ ਨੂੰ ਆਗਿਆ ਦੇ ਕੇ ਭਾਰਤ ਨੂੰ ਕੂਟਨੀਤਕ ਚਪੇੜ ਮਾਰੀ ਹੈ। ਚਾਰ ਸੌ ਚਾਲਕਾਂ ਦੀ ਟੀਮ ਵਾਲਾ ਇਹ ਬੇੜਾ ਵੱਡੇ ਹਾਈਪਰਬੋਲਿਕ ਟਰੈਕਿੰਗ ਐਂਟੀਨਾ ਤੇ ਆਧੁਨਿਕ ਸੈਂਸਰਾਂ ਨਾਲ ਲੈਸ ਹੈ। ਇਹ ਭਾਰਤ ਦੇ ਦੱਖਣੀ ਹਿੱਸੇ ਦੀਆਂ ਵਧੇਰੇ ਫੌਜੀ ਸਰਗਰਮੀਆਂ ਦੇ ਨਾਲ ਬੁਨਿਆਦੀ ਢਾਂਚੇ ਦੀਆਂ ਯੋਜਨਾਵਾਂ ਉੱਤੇ ਨੇੜਿਓਂ ਨਿਗਰਾਨੀ ਰੱਖ ਸਕਦਾ ਹੈ। ਇਹ ਉਪ ਗ੍ਰਹਿ ਤੇ ਮਿਜ਼ਾਈਲਾਂ ਨੂੰ ਵੀ ਟਰੈਕ ਕਰ ਸਕਦਾ ਹੈ।

# ਵਧੀਕ-ਡਿਪਟੀ ਕਮਿਸ਼ਰ ਵਲੋਂ ਜ਼ਿਲ੍ਹਾ ਵਾਸੀਆਂ ਨੂੰ ਵਧ ਚੜ੍ਹ ਕੇ ਪੰਜਾਬ ਖੇਡ ਮੇਲੇ ਵਿਚ ਹਿੱਸਾ ਲੈਣ ਦੀ ਅਪੀਲ




ਫਰੀਦਕੋਟ, 17 ਅਗਸਤ (ਗਿਆਨ ਸਿੰਘ )- ਪੰਜਾਬ ਸਰਕਾਰ ਵਲੋਂ ਸੂਬੇ ਦੇ ਹਰ-ਇੱਕ ਵਾਸੀ ਨੂੰ ਖੇਡਾਂ ਦੇ ਨਾਲ ਜੋੜਨ ਲਈ ਪੰਜਾਬ ਖੇਡ ਮੇਲਾ 2022 ਕਰਵਾਇਆ ਜਾ ਰਿਹਾ ਹੈ। ਇਹ ਜਾਣਕਾਰੀ ਵਧੀਕ-ਡਿਪਟੀ ਕਮਿਸ਼ਰ (ਜ) ਡਾ. ਮਨਦੀਪ ਕੌਰ ਨੇ ਪੰਜਾਬ ਖੇਡ ਮੇਲੇ ਸਬੰਧੀ ਵੱਖ ਵੱਖ ਅਧਿਕਾਰੀਆਂ ਨਾਲ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਦਿੱਤੀ।

ਉਨ੍ਹਾਂ ਦੱਸਿਆ ਕਿ ਬਲਾਕ ਪੱਧਰ ਉੱਤੇ ਖੇਡ ਮੇਲਾ 01 ਸਤੰਬਰ 2022 ਤੋਂ ਲੈ ਕੇ 07 ਸਤੰਬਰ 2022 ਤੱਕ ਆਯੋਜਿਤ ਕੀਤਾ ਜਾਵੇਗਾ, ਜ਼ਿਲ੍ਹਾ ਪੱਧਰ ਉੱਤੇ 12 ਸਤੰਬਰ ਤੋਂ ਲੈ ਕੇ 22 ਸਤੰਬਰ ਤੱਕ , ਰਾਜ ਪੱਧਰ ਉੱਤੇ 11 ਅਕਤੂਬਰ ਤੋਂ ਲੈ ਕੇ 30 ਅਕਤੂਬਰ ਤੱਕ ਇਹ ਮੇਲਾ ਹੋਵੇਗਾ।ਉਨ੍ਹਾਂ ਦੱਸਿਆ ਕਿ ਇਨ੍ਹਾਂ ਖੇਡਾਂ ਲਈ ਖਿਡਾਰੀ ਆਨਲਾਈਨ ਤੇ ਆਫ਼ਲਾਈਨ ਦੋਵੇਂ ਤਰੀਕੇ ਨਾਲ ਰਜਿਸਟ੍ਰੇਸ਼ਨ ਕਰ ਸਕਦੇ ਹਨ।ਆਫਲਾਈਨ ਰਜਿਸਟ੍ਰੇਸ਼ਨ ਲਈ ਜ਼ਿਲ੍ਹਾ ਖੇਡ ਦਫ਼ਤਰ ਵਿਖੇ ਜ਼ਿਲ੍ਹਾ ਖੇਡ ਅਫ਼ਸਰ ਸ੍ਰੀ ਪਰਮਿੰਦਰ ਸਿੰਘ ਨਾਲ ਵੀ ਸੰਪਰਕ ਕਰਕੇ ਰਜਿਸਟ੍ਰੇਸ਼ਨ ਕਰਵਾ ਸਕਦੇ ਹਨ। ਆਨਲਾਈਨ ਰਜਿਸਟਰੇਸ਼ਨ ਮਿਤੀ 25 ਅਗਸਤ 2022 ਤੱਕ ਕੀਤੀ ਜਾ ਸਕਦੀ ਹੈ।

ਵਧੀਕ-ਡਿਪਟੀ ਕਮਿਸ਼ਰ (ਜ) ਨੇ ਦੱਸਿਆ ਕਿ ਇਹ ਖੇਡਾਂ ਵੱਖ-ਵੱਖ ਕੈਟਾਗਰੀਆਂ ਤਹਿਤ ਕਰਵਾਈਆਂ ਜਾਣਗੀਆਂ। ਜਿਹਨਾਂ ਵਿੱਚ ਅੰਡਰ -14, ਅੰਡਰ -17 , ਅੰਡਰ-21, 21 ਤੋਂ ਲੈ ਕੇ 40 ਸਾਲ ਓਪਨ ਗਰੁੱਪ, 41 ਤੋਂ ਲੈ ਕੇ 50 ਸਾਲ ਤੱਕ ਓਪਨ ਗਰੁੱਪ ਅਤੇ 50 ਸਾਲ ਤੋਂ ਉੱਪਰ ਦੇ ਖਿਡਾਰੀ ਸ਼ਾਮਲ ਹਨ। ਉਨ੍ਹਾਂ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਕੀਤੀ ਕਿ ਇਹਨਾਂ ਖੇਡਾਂ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਣ।

ਇਸ ਮੌਕੇ ਜਿਲਾ ਖੇਡ ਅਫਸਰ ਪਰਮਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੇ ਦਫਤਰ ਵੱਲੋਂ ਇਸ ਸਬੰਧੀ ਹੈਲਪ ਡੈਸਕ ਸਥਾਪਤ ਕੀਤਾ ਗਿਆ ਹੈ। ਕੋਈ ਵੀ ਖਿਡਾਰੀ ਜਾਂ ਸ਼ਹਿਰ ਵਾਸੀ 84376-58825 ਨੰਬਰ ਤੇ ਵਧੇਰੇ ਜਾਣਕਾਰੀ ਲਈ ਸੰਪਰਕ ਕਰ ਸਕਦਾ ਹੈ।ਇਸ ਮੌਕੇ ਪ੍ਰਿੰਸੀਪਲ ਬ੍ਰਿਜਿੰਦਰਾ ਕਾਲਜ ਸ੍ਰੀ ਪਰਮਿੰਦਰ ਸਿੰਘ, ਉਪ ਜਿਲ੍ਹਾ ਸਿੱਖਿਆ ਅਫਸਰ ਸ੍ਰੀ ਪਵਨ ਕੁਮਾਰ, ਬੀ.ਡੀ.ਪੀ. ਓ ਕੋਟਕਪੂਰਾ ਸ੍ਰੀ ਅਭਿਨਵ ਗੋਇਲ, ਜਿਲਾ ਰੁਜਗਾਰ ਤੇ ਉਤਪਤੀ ਅਫਸਰ ਸ੍ਰੀ ਹਰਮੇਸ਼ ਕੁਮਾਰ ਤੋਂ ਇਲਾਵਾ ਹੋਰ ਵਿਭਾਗਾਂ ਦੇ ਅਧਿਕਾਰੀ ਤੇ ਕਰਮਚਾਰੀ ਹਾਜ਼ਰ ਸਨ।

# ਇਕਬਾਲ ਸਿੰਘ ਲਾਲਪੁਰਾ ਭਾਜਪਾ ਸੰਸਦੀ ਬੋਰਡ ਅਤੇ ਕੇਂਦਰੀ ਚੋਣ ਕਮੇਟੀ ’ਚ ਸ਼ਾਮਲ

## * ਸਿੱਖ ਆਗੂਆਂ ਵਲੋਂ ਜ਼ੋਰਦਾਰ ਸਵਾਗਤ

ਅੰਮ੍ਰਿਤਸਰ 17 ਅਗਸਤ ( ਗਿਆਨ ਸਿੰਘ ) - ਭਾਰਤੀ ਜਨਤਾ ਪਾਰਟੀ ਵੱਲੋਂ ਭਾਜਪਾ ਦੇ ਸਿੱਖ ਆਗੂ ਅਤੇ ਕੌਮੀ ਘਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਸ: ਇਕਬਾਲ ਸਿੰਘ ਲਾਲਪੁਰਾ ਨੂੰ ਪਾਰਟੀ ਦੇ ਦੋ ਸਭ ਤੋਂ ਪ੍ਰਮੁੱਖ ਤੇ ਮਹਤਵਪੂਰਨ ਸੰਸਥਾਵਾਂ ਭਾਜਪਾ ਦੇ ਸੰਸਦੀ ਬੋਰਡ ਅਤੇ ਕੇਂਦਰੀ ਚੋਣ ਕਮੇਟੀ ਲਈ ਚੋਣ ਕਰਦਿਆਂ ਵੱਡੀ ਜ਼ਿੰਮੇਵਾਰੀ ਸੌਂਪਣ ਲਈ ਭਾਜਪਾ ਦੇ ਸਿੱਖ ਆਗੂਆਂ ਅਤੇ ਸਿੱਖ ਭਾਈਚਾਰੇ ਨੇ ਜ਼ੋਰਦਾਰ ਸਵਾਗਤ ਕੀਤਾ ਹੈ ਅਤੇ ਇਸ ਚੋਣ ਲਈ ਭਾਜਪਾ ਦੇ ਕੌਮੀ ਪ੍ਰਧਾਨ ਜੇ. ਪੀ. ਨੱਢਾ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਕੇਂਦਰੀ ਗ੍ਰਹਿ ਮੰਤਰੀ ਅਮਿੱਤ ਸ਼ਾਹ ਦਾ ਧੰਨਵਾਦ ਕੀਤਾ ਹੈ।

ਭਾਜਪਾ ਦੇ ਸਿੱਖ ਆਗੂ ਪ੍ਰੋ: ਸਰਚਾਂਦ ਸਿੰਘ ਖਿਆਲਾ ਵੱਲੋਂ ਜਾਰੀ ਬਿਆਨ ’ਚ ਭਾਜਪਾ ਬੁੱਧੀਜੀਵੀ ਸੈਲ ਦੇ ਕੋਆਰਡੀਨੇਟਰ ਅਤੇ ਸਾਬਕਾ ਵਾਇਸ ਚਾਂਸਲਰ ਡਾ: ਜਸਵਿੰਦਰ ਸਿੰਘ ਢਿੱਲੋਂ, ਸਾਬਕਾ ਵਿਧਾਇਕ ਫ਼ਤਿਹ ਜੰਗ ਸਿੰਘ ਬਾਜਵਾ, ਕੌਮੀ ਆਗੂ ਸੁਖਮਿੰਦਰ ਸਿੰਘ ਗਰੇਵਾਲ, ਰਘਬੀਰ ਸਿੰਘ ਸਾਥੀ, ਯਾਦਵਿੰਦਰ ਸਿੰਘ ਬੁੱਟਰ, ਭਾਜਪਾ ਬੁਲਾਰੇ ਕੁਲਦੀਪ ਸਿੰਘ ਕਾਹਲੋਂ, ਚੀਫ ਖ਼ਾਲਸਾ ਦੀਵਾਨ ਦੇ ਮੀਤ ਪ੍ਰਧਾਨ ਅਮਰਜੀਤ ਸਿੰਘ ਵਿਕਰਾਂਤ, ਰਾਜਾ ਸੁਰਿੰਦਰ ਸਿੰਘ ਜ਼ੀਰਕਪੁਰ, ਮੁੜ ਵਸੇਬਾ ਅਤੇ ਬੰਦੋਬਸਤ ਸੰਗਠਨ (ਰਾਸੋ) ਦੇ ਚੇਅਰਪਰਸਨ ਕਮਲਜੀਤ ਕੌਰ ਗਿੱਲ, ਬੁਲਾਰਾ ਡਾ: ਸੁਰਿੰਦਰ ਕੌਰ ਕੰਵਲ, ਸਤਿੰਦਰ ਸਿੰਘ ਮਾਕੋਵਾਲ ਜ਼ਿਲ੍ਹਾ ਪ੍ਰਧਾਨ ਅੰਮ੍ਰਿਤਸਰ ਦਿਹਾਤੀ,




ਸੰਤੋਖ ਸਿੰਘ ਗੁੰਮਟਾਲਾ ਕੌਮੀ ਜਨਰਲ ਸਕੱਤਰ ਐਸੀ ਵਿੰਗ, ਸਰਬਜੀਤ ਸਿੰਘ ਸੀ ਕੇ ਡੀ, ਸਿੱਖ ਚਿੰਤਕ ਡਾ: ਸੂਬਾ ਸਿੰਘ, ਨਿਸ਼ਾਨੇ ਸਿੱਖੀ ਦੇ ਪ੍ਰਧਾਨ ਡਾ: ਆਰ ਪੀ ਐਸ ਬੋਪਾਰਾਏ, ਬਖ਼ਸ਼ੀਸ਼ ਸਿੰਘ ਪਠਾਨਕੋਟ, ਗਗਨਦੀਪ ਸਿੰਘ ਜੰਡਿਆਲਾ, ਡਾ: ਸਲਵਿੰਦਰ ਸਿੰਘ ਜੰਡਿਆਲਾ, ਕੰਵਰ ਜਗਦੀਪ ਸਿੰਘ ਅਤੇ ਅਰਵਿੰਦ ਸ਼ਰਮਾ ਰਈਆ ਨੇ ਕਿਹਾ ਕਿ ਭਾਜਪਾ ਲੀਡਰਸ਼ਿਪ ਨੇ 11 ਮੈਂਬਰੀ ਨਵੇਂ ਸੰਸਦੀ ਬੋਰਡ ਅਤੇ 15 ਮੈਂਬਰੀ ਨਵੀਂ ਕੇਂਦਰੀ ਚੋਣ ਕਮੇਟੀ ਦੇ ਪੁਨਰਗਠਨ ਮੌਕੇ ਸ: ਇਕਬਾਲ ਸਿੰਘ ਲਾਲਪੁਰਾ ਦੀ ਸਭ ਤੋਂ ਮਹੱਤਵਪੂਰਨ ਇਨ੍ਹਾਂ ਦੋਹਾਂ ਸੰਸਥਾਵਾਂ ਦੀ ਵਕਾਰੀ ਜ਼ਿੰਮੇਵਾਰੀ ਲਈ ਚੋਣ ਕਰਦਿਆਂ ਪੰਜਾਬ ਅਤੇ ਸਿੱਖ ਭਾਈਚਾਰੇ ਨੂੰ ਨੁਮਾਇੰਦਗੀ ਦਿੱਤੀ ਗਈ ਅਤੇ ਪੰਜਾਬ ਅਤੇ ਸਿੱਖ ਭਾਈਚਾਰੇ ਦਾ ਕੌਮੀ ਪੱਧਰ ’ਤੇ ਮਾਣ ਵਧਾਇਆ ਹੈ। ਪ੍ਰੋ: ਸਰਚਾਂਦ ਸਿੰਘ ਖਿਆਲਾ ਨੇ ਕਿਹਾ ਕਿ ਉਕਤ ਐਲਾਨ ਨਾਲ ਸਿੱਖ ਭਾਈਚਾਰੇ ’ਚ ਖ਼ੁਸ਼ੀ ਪਾਈ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਭਾਜਪਾ ਨੂੰ ਸ: ਲਾਲਪੁਰਾ ਦੇ ਤਜਰਬਿਆਂ ਤੋਂ ਲਾਭ ਮਿਲੇਗਾ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

# Matrimonial
## ਰਿਸ਼ਤੇ ਹੀ ਰਿਸ਼ਤੇ

Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202


## ਪਲਾਟ ਵਿਕਾਊ

ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਨਜ਼ਦੀਕ ਪਲਾਟ ਵਿਕਾਊ ਹੈ। GT Road ਤੋਂ ਸਿਰਫ 400 ਮੀਟਰ ਦੂਰੀ ’ਤੇ। ਸ੍ਰੀ ਗੁਰੂ ਤੇਗ ਬਹਾਦਰ ਨਗਰ ਵਿਚ 10 ਮਰਲੇ ਦਾ ਪਲਾਟ ਵਿਕਾਊ ਹੈ।। ਖੁੱਲ੍ਹੀਆਂ ਸੜਕਾਂ ਪਾਰਕ ਆਦਿ ਦੀ ਸਹੂਲਤ।

ਫੋਨ ਨੰਬਰ 917837596119
647-760-2769


## ਲੜਕੀ ਦੀ ਲੋੜ

"ਨਾਈ ਸਿੱਖ ਲੜਕਾ ਉਮਰ 23 ਸਾਲ , ਕੱਦ 5’10” ਵਰਕ ਪਰਮਿਟ ਤੇ ਲੜਕੇ ਲਈ ਪੀ.ਆਰ./ ਸਿਟੀਜਨ ਲੜਕੀ ਦੀ ਲੋੜ ਹੈ।ਲੜਕੇ ਦੀ ਭੈਣ ਕੈਨੇਡਾ ਵਿੱਚ ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਸੰਪਰਕ: +1(647) 274-3207 Whatsapp: +91 97794 39200"

ਸਿੱਖ ਰਾਜਪੂਤ (ਜੰਜੂਆ), ਜਨਮ ਦਸੰਬਰ, 1991, ਕੱਦ 5’11”, ਕੈਨੇਡੀਅਨ ਸਿਟੀਜਨ, ਵੈੱਲ ਸੈਟਲਡ ਲੜਕੇ ਲਈ ਕੈਨੇਡੀਅਨ ਪੀਆਰ/ਸਿਟੀਜਨ, ਉਮਰ 25-27 ਸਾਲ, ਖਾਨਦਾਨੀ ਘਰਾਣੇ ਨਾਲ ਸੰਬੰਧਤ ਸੁੰਦਰ ਅਤੇ ਸੁਸ਼ੀਲ ਲੜਕੀ ਦੀ ਲੋੜ ਹੈ। ਸੰਪਰਕ: 647-239-4866 ਅਤੇ 647-773-5902

ਸਰਾ ਪਰਿਵਾਰ ਦਾ ਲੜਕਾ, ਉਮਰ 33 ਸਾਲ, ਕੱਦ 5 ਫੁੱਟ 10 ਇੰਚ, ਬੀਬੀਏ ਕੀਤੀ ਹੋਈ ਹੈ, ਵਰਤਮਾਨ ਵਿਚ ਭਾਰਤ ਵਿਚ ਬਿਜ਼ਨਸ ਕਰ ਰਿਹਾ ਹੈ ਤੇ ਭਵਿੱਖ ਵਿਚ ਕੈਨੇਡਾ ਵਿਚ ਟਰਾਂਸਪੋਰਟੇਸ਼ਨ ਦਾ ਬਿਜ਼ਨਸ ਖੋਲ੍ਹਣ ਜਾ ਰਿਹਾ ਹੈ, ਲਈ ਸੁੰਦਰ ਸੁਸ਼ੀਲ ਲੜਕੀ ਦੀ ਲੋੜ ਹੈ। ਸੰਪਰਕ: 437-332-8422,
ਈ ਮੇਲ puneetasra17october@gmail.com

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5’11’’, B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5”8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

## ਲੜਕੀ ਦੀ ਲੋੜ

ਜੱਟ ਸਿੱਖ ਲੜਕਾ ,ਉਮਰ 28 ਸਾਲ,ਕੱਦ 5’7”, ਕੈਨੇਡੀਅਨ ਪੀ ਆਰ ਲੜਕੇ ਲਈ ,ਪੀ ਆਰ ਜਾਂ ਵਰਕਪਰਮਟ, ਪੜੀ ਲਿਖੀ ਲੜਕੀ ਦੀ ਲੋੜ ਹੈ, ਮੈਰੇਜ ਬਿਊਰੋ ਮਾਫ਼ ਕਰਨ, ਵਧੇਰੇ ਜਾਣਕਾਰੀ ਲਈ ਸੰਪਰਕ ਕਰੋ
WhatsApp +919915470912, 6475312139

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877
Email :- komal1128@gmail.com

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ ’ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5’11” ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ।ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ।ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5’9”, ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

## ਲੜਕੇ ਦੀ ਲੋੜ

ਨਾਈ ਸਿੱਖ ਲੜਕੀ, 1993, Masters in Commerce, Two years Canadian Education, Job: Accounting Bookkeeper Got: Hargun Height: 5’3, Status in canada : PR, (1 brother also in canada ) Looking for vegetarian , Well educated sikh boy. (Preferred in canada.) 6048973052

ਕੈਨੇਡਾ ਪੀ ਆਰ ਲੜਕੀ ਨਾਈ ਸਿੱਖ /ਲੱਖਣਪਾਲ ਲਈ ਸ਼ੁਧ ਵੈਸ਼ਨੂੰ ਵਰ ਦੀ ਲੋੜ। ਤਰਜੀਹ ਕੈਨੇਡਾ। ਜਨਮ 13/12/1991, ਕੱਦ 5'7", ਭਾਰਤ ਤੋਂ M.Com ਅਤੇ ਕੈਨੇਡਾ ਤੋ ਪੋਸਟ ਗਰੈਡ ਡਿਪਲੋਮਾ HRM ਇੱਕ ਭੈਣ ਤੇ ਇੱਕ ਭਰਾ ਵਿਆਹੇ ਦੋਵੇ ਕੈਨੇਡਾ PR ਫੋਨ +12049148700 +919569557850

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5’11’’ ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

Seeking a suitable match for Canadian citizen Ramdasia Sikh (GNM). Born August 1987 and height 5’1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5’2” ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ ’ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com


WWW.KULWINDERCHHINA.COM


KULWINDERCHHINA
BROKER
647.293.2327

STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
Call For FREE Estimate
7 Days A Week
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਢੀਂਡਸਾ

ਫੋਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜ਼ਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
20 ਸਾਲਾਂ ਤੋਂ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

Visions of Punjab

VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com

Natasha Mahal Co-Host
Iqbal Mahal Producer & Host
Serving the South Asian Community Since 1976

ਸਾਰੀਆਂ ਸੱਮਸਿਆਵਾਂ ਦੇ ਇਲਾਜ਼ ਲਈ
AWARD WINNER RAJNI SHARMA
• ਸਾਰੀਆਂ ਬਿਮਾਰੀਆਂ ਦਾ ਨੈਚੁਰਲ ਢੰਗ ਨਾਲ ਇਲਾਗ ਕੀਤਾ ਜਾਦਾਂ ਹੈ
• ਧਰਨ ਚੁਕ ਅਤੇ ਬੈਕ ਪਰਾਬਲਮ
• ਛਟਕਾ ਪੇਨ ਅਤੇ ਬੱਚੇ ਦੀ ਪਰਾਬਲਮ
• ਮੈਂਟਲ ਹੈਲਥ ਪਰਾਬਲਮ
• ਸ਼ਰੀਰ ਦੀਆਂ ਸਾਰੀਆਂ ਸੱਮਸਿਆਵਾਂ ਦੀ ਮਦੱਦ ਲਈ ਕਾਲ ਕਰੋ :
RAJNI SHARMA - CALL 647-409-0731
Near Ebenzer & Gore - 45 Caranci Crescent, Brampton, ON L6P 1H3

(905)793-2202
You can Place Your Business Here
To Reach Wider Audience
For more info Call 905-793-2202 or e-mail ads@punjabipost.ca


## ਕੇਅਰ ਗਿਵਰ ਦੀ ਲੋੜ



ਬਜੁਰਗ ਔਰਤ ਨੂੰ ਸੰਭਾਲਣ ਲਈ ਕੇਅਰ ਗਿਵਰ ਦੀ ਲੋੜ ਹੈ। ਵਧੀਆ ਤਨਖਾਹ ਦਿੱਤੀ ਜਾਵੇਗੀ। **‘PR’** ਲਈ ਮੱਦਦ ਕੀਤੀ ਜਾਵੇਗੀ। Location ‘Winnipeg, MB’ ਜ਼ਿਆਦਾ ਜਾਣਕਾਰੀ ਲਈ ਸੰਪਰਕ ਕਰੋ:
**204-333-9000, 416-818-3777**


A-One Drivers TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
] ਮੁਫਤ ਪਿਕਅਪ ਅਤੇ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ

ਲੈਸ਼ਿ ਇੰਸਟ੍ਰਕਟਰ
647-998-7500 ਬਲਵਿੰਦਰ













FRESH & LARGE VARIETY
Bread, Dairy & Eggs
Branded Foods
Fruits & Vegetables
Beverages & Confectionery
Grocery & Staples
Sweet & Samosas

SERVING FROM ALL LOCATIONS IN GTA AREA:

10 Westmore Drive
Etobicoke ON M9V-3Z7
416-740-3262

21 Lacoste Blvd,
Brampton, ON L6P 2K2
905 794-8109

621 Wanless drive, # 122
Brampton ON L7A 0A9
905-495-3336

1075 Ceremonial Drive
Mississauga ON L5R 2Z4
905-502-1600

80 Pertosa Drive
Brampton ON L5X-5E9
905-460-0009

10510 Torbram Road,
Brampton
905-790-0030

2120 North park Drive
Brampton ON L6S 0C9
905-793-1338

10 Pannahill Dr,
Brampton
905 913-8017